ਨਵੰਬਰ-ਦਸੰਬਰ ੨੦੨੪
Nov-Dec 2024
ਅੰਕ ਦੂਜਾ


ਜਿੱਥੋਂ ਤਕ ਛਾਂ ਦਿੱਲੀ ਤਖ਼ਤ ਦੀ, ਅੱਗਾਂ ਹੀ ਅੱਗਾਂ
ਚੌਂਕ ਚੁਰਾਹੇ ਸੜਦੀਆਂ, ਸਿੱਖਾਂ ਦੀਆਂ ਪੱਗਾਂ ਹੀ ਪੱਗਾਂ

# ਪੰਜ ਆਬ

ਪੰਜਾਬ ਛੱਡਣ ਨੂੰ
ਕੀਹਦਾ ਦਿਲ ਕਰਦੈ

ਪਿੱਛੇ ਹੋਈਆਂ ਗ਼ਲਤੀਆਂ ਤੋਂ
ਸਿੱਖਣ ਦੀ ਲੋੜ

ਹਰ ਸਿੱਖ ਸ਼ਸਤਰ ਵਿੱਦਿਆ ਦਾ
ਧਾਰਨੀ ਬਣੇ




## ਅਕਾਲ ਤਖ਼ਤ ਮਹਾਨ ਹੈ
## ਸਿੱਖ ਪੰਥ ਦੀ ਸ਼ਾਨ ਹੈ

ਅਕਾਲੀ ਫੂਲਾ ਸਿੰਘ ਦੇ ਵਾਰਸ ਅਖਵਾਉਣ ਵਾਲੇ ਤਾਂ ਬਥੇਰੇ ਹਨ
**ਪਰ ਉਸ ਵਰਗੇ ਇੱਕ ਅਕਾਲੀ ਦੀ ਘਾਟ ਹੈ**

# ਕਿਤਾਬਾਂ ਪੜ੍ਹਨ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰ

- ਜੇਕਰ ਤੁਸੀਂ ਆਪਣੇ ਘਰ 'ਚ ਲਾਇਬ੍ਰੇਰੀ ਬਣਾ ਲੈਂਦੇ ਹੋ ਤਾਂ ਸਮਝੋ ਤੁਹਾਡੇ ਘਰ ਵਿੱਚ ਆਤਮਾ ਧੜਕਣ ਲੱਗ ਪਈ ਹੈ। ਤੁਹਾਡੇ ਦੁਆਰਾ ਖ਼ੀਦੀ ਗਈ ਇੱਕ ਚੰਗੀ ਕਿਤਾਬ, ਤੁਹਾਡੇ ਮਾਨਸਿਕ ਪੱਧਰ ਨੂੰ ਇੱਕ ਕਿੱਲੋਮੀਟਰ ਉੱਚਾ ਚੁੱਕ ਦਿੰਦੀ ਹੈ। – ਸਿਸਰੋ



- ਸਿਓਂਕ ਸੋਚਦੀ ਤਾਂ ਹੋਵੇਗੀ ਕਿ ਆਦਮੀ ਕਿੰਨਾ ਮੂਰਖ ਹੈ, ਜੋ ਕਿਤਾਬਾਂ ਖਾਂਦਾ ਹੀ ਨਹੀਂ। ਖ਼ੁਦ ਨੂੰ ਅਤੇ ਦੂਸਰਿਆਂ ਨੂੰ ਸਮਝਣ ਵਾਸਤੇ ਕਿਤਾਬਾਂ ਦੀ ਜ਼ਰੂਰਤ ਹੈ। ਕਿਤਾਬਾਂ ਤੋਂ ਬਿਨਾਂ ਕੋਈ ਜਾਤੀ ਉਸ ਆਦਮੀ ਵਰਗੀ ਹੈ, ਜਿਸ ਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਵੇ। – ਰਸੂਲ ਹਮਜ਼ਾਤੋਵ
- ਚੰਗੀ ਕਿਤਾਬ ਜਿਹਾ ਕੋਈ ਸੱਜਣ ਨਹੀਂ, ਪਰ ਸੱਚ ਇਹ ਵੀ ਹੈ ਕਿ ਭੈੜੇ ਸਾਹਿਤ ਜਿਹਾ ਕੋਈ ਵੈਰੀ ਵੀ ਨਹੀਂ। – ਪ੍ਰੋਫੈਸਰ ਸਾਹਿਬ ਸਿੰਘ
- ਚੰਗੀਆਂ ਕਿਤਾਬਾਂ ਪੜ੍ਹਨਾ ਓਸੇ ਤਰ੍ਹਾਂ ਹੈ, ਜਿਵੇਂ ਬੀਤੀਆਂ ਸਦੀਆਂ 'ਚ ਹੋਏ ਵਧੀਆ ਮਨੁੱਖਾਂ ਨਾਲ਼ ਗੱਲਬਾਤ ਕਰਨਾ। – ਡਿਸਕੇਰਟਸ
- ਮਨੁੱਖਤਾ ਨੇ ਜੋ ਕੁਝ ਸੋਚਿਆ ਅਤੇ ਹਾਸਲ ਕੀਤਾ, ਇਹ ਜਾਦੂ ਕਿਤਾਬਾਂ ਵਿੱਚ ਬੰਦ ਹੈ। – ਥਾਮਸ ਕਾਰਲਾਇਲ
- ਜੇਕਰ ਪੁਸਤਕਾਂ ਨਾ ਹੁੰਦੀਆਂ ਤਾਂ ਸੰਸਾਰ ਵਿੱਚ ਪਾਗਲਾਂ ਦੀ ਗਿਣਤੀ ਵੱਧ ਹੁੰਦੀ। – ਗੁਰਦਿਆਲ ਸਿੰਘ

## ਕਿਤਾਬਾਂ ਅਤੇ ਰਸਾਲੇ ਪੜ੍ਹੋ ਤੇ ਗਿਫ਼ਟ ਵੀ ਕਰੋ।




ਕੀਮਤ : 550 ਰੁ:, ਵਿਦੇਸ਼ਾਂ ਲਈ : 2200 ਰੁ:




– ਡਾ. ਸੁਰਜੀਤ ਸਿੰਘ ਜਰਮਨੀ

'ਪੰਜਾਬਨਾਮਾ' ਕਿਤਾਬ ਦਾ ਜਿਲਦ ਦਾ ਡਿਜ਼ਾਈਨ ਵੀ ਇਹੀ ਦਰਸਾਉਂਦਾ ਹੈ ਕਿ ਕਿਸ ਤਰ੍ਹਾਂ ਜਦੋਂ ਵੈਰੀ ਆਪਣੇ-ਆਪ ਨੂੰ ਬਾਜ਼ ਸਮਝ ਕੇ ਪੰਜਾਬ ਵਾਸੀਆਂ ਨੂੰ ਕੀੜੇ-ਮਕੌੜੇ ਸਮਝ ਕੇ ਪੰਜਾਬ 'ਤੇ ਹਮਲਾਵਰ ਹੋ ਕੇ ਆਇਆ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਉਹ ਵਾਕ 'ਚਿੜੀਓਂ ਸੇ ਮੈਂ ਬਾਜ ਲੜਾਉਂ" ਸੱਚ ਕਰ ਵਿਖਾਇਆ ਤੇ ਪੂਰੀ ਦੁਨੀਆਂ 'ਤੇ ਹਕੂਮਤ ਕਰਨ ਵਾਲ਼ਾ ਗੋਰਾ ਜੋ ਕਿ ਆਧੁਨਿਕ ਹਥਿਆਰਾਂ ਨਾਲ਼ ਲੈਸ ਪੰਜਾਬ 'ਤੇ ਕਾਬਜ ਹੋਇਆ ਸੀ, ਉਸ ਨੂੰ ਪੰਜਾਬ ਵਾਸੀਆਂ ਨੇ ਚਿੜੀਆਂ ਦੀ ਨਿਆਈ ਫੜ ਕੇ ਥੱਲੇ ਪਾ ਲਿਆ ਤੇ ਅਖ਼ੀਰ ਗੋਰਾ ਸਦੀ ਦੇ ਅੱਧ ਤਕ ਪੰਜਾਬ ਨੂੰ ਛੱਡ ਦੌੜਿਆ ਤੇ ਪਰ ਪੰਜਾਬ ਦੀ ਬਦਨਸੀਬੀ ਸੀ ਕਿ ਉਹਨਾਂ ਨੇ ਆਪਣੇ ਅੰਦਰਲੇ ਦੁਸ਼ਮਣ ਦੀ ਪਛਾਣ ਨਾ ਕੀਤੀ ਤੇ ਫਿਰ ਇਹਨਾਂ ਨੇ ਪੰਜਾਬੀਆਂ ਨੂੰ ਗ਼ੁਲਾਮ ਬਣਾਉਣ 'ਤੇ ਜ਼ੋਰ ਲਾਉਣਾ ਸ਼ੁਰੂ ਕਰ ਦਿੱਤਾ। ਗੁਰੂ ਦੇ ਖ਼ਾਲਸੇ ਨੇ ਸਦੀ ਦੇ ਅੰਤ ਤਕ ਇਹਨਾਂ ਨੂੰ ਧੁਰ ਦੀ ਟਿਕਟ ਕੱਟ ਕੇ ਦੁਨੀਆਂ ਤੋਂ ਮੁਕਤ ਕਰ ਦਿੱਤਾ ਤੇ ਖ਼ਾਲਸਾ ਕਿਤਾਬ ਦੀ ਪਿਛਲੀ ਜਿਲਦ ਵਿੱਚ ਦਰਸਾਏ ਚਿੱਤਰ ਵਾਂਗ ਨਵੀਂ ਸਦੀ ਵਿੱਚ ਚੜ੍ਹਦੀ ਕਲਾ ਨਾਲ਼ ਪ੍ਰਵੇਸ਼ ਕਰ ਗਿਆ।

ਕਈ ਲੋਕ ਕਹਿੰਦੇ ਹਨ ਕਿ ਕਿਤਾਬਾਂ ਦੀ ਕੀ ਲੋੜ ਹੈ, ਅੱਜ-ਕੱਲ੍ਹ ਤਾਂ ਸੋਸ਼ਲ ਮੀਡੀਆ 'ਤੇ ਬਥੇਰੀਆਂ ਵੀਡੀਓ ਮਿਲ਼ ਜਾਂਦੀਆਂ ਨੇ, ਕੰਮ ਕਰਦੇ-ਕਰਦੇ ਸੁਣੀ ਜਾਓ ਤੇ ਗਿਆਨ ਹਾਸਲ ਹੋ ਜਾਂਦਾ ਹੈ। ਉਹਨਾਂ ਬਾਬਤ ਇਹ ਕਹਿਣਾ ਚਾਹਾਂਗਾ ਕਿ ਸੋਸ਼ਲ ਮੀਡੀਏ ਵਾਲ਼ੇ ਵੀ ਕਿਤਾਬਾਂ ਵਿੱਚੋਂ ਹੀ ਗਿਆਨ ਲੈ ਕੇ ਆਪਣੀਆਂ ਵੀਡੀਓ ਬਣਾਉਂਦੇ ਹਨ। ਤੇ ਦੂਸਰਾ ਜਿੰਨੀ ਦੇਰ ਚਾਹੇ ਵੀਡੀਓ ਹੈ ਜਾਂ ਕਿਤਾਬ, ਜੇਕਰ ਉਹ ਇਕਾਗਰਤਾ ਨਾਲ਼ ਨਾ ਪੜ੍ਹੀ-ਸੁਣੀ ਤੇ ਵੇਖੀ ਜਾਵੇ, ਤੁਸੀਂ ਗਿਆਨ ਹਾਸਲ ਨਹੀਂ ਕਰ ਸਕਦੇ। ਇੱਕ ਪਾਸੇ ਵੀਡੀਓ ਜਾਂ ਆਡੀਓ ਚੱਲ ਰਹੀ ਹੁੰਦੀ ਹੈ, ਤੇ ਦੂਸਰੇ ਪਾਸੇ ਅਸੀਂ ਹੋਰ ਹੀ ਖ਼ਿਆਲਾਂ ਵਿੱਚ ਗਵਾਚੇ ਹੁੰਦੇ ਹਾਂ। ਇਸ ਛੋਟੀ ਜਿਹੀ ਕਿਤਾਬ ਵਿੱਚ ਪੂਰੀ ਵੀਹਵੀਂ ਸਦੀ ਦੇ ਪੰਜਾਬ ਦੇ ਇਤਿਹਾਸ ਨੂੰ ਸੰਖੇਪ ਵਿੱਚ ਦਰਸਾਇਆ ਹੈ, ਤਾਂ ਜੋ ਸਾਰੀਆਂ ਘਟਨਾਵਾਂ ਦਾ ਸੰਖੇਪ ਵਿਸਥਾਰ ਪਾਠਕਾਂ ਤਕ ਪਹੁੰਚਾਇਆ ਜਾਵੇ ਤੇ ਉਹਨਾਂ ਨੂੰ ਪੜ੍ਹਨ ਦੀ ਜਗਿਆਸਾ ਫਿਰ ਤੋਂ ਜਾਗਣੀ ਸ਼ੁਰੂ ਹੋਵੇ ਤੇ ਉਹ ਬਾਅਦ ਵਿੱਚ ਉਹਨਾਂ ਘਟਨਾਵਾਂ ਨੂੰ ਪੂਰੇ ਵਿਸਥਾਰ ਨਾਲ਼ ਪੜ੍ਹਨ ਲਈ ਆਪ ਖ਼ੋਜ ਕਰ ਕੇ ਚੰਗੀਆਂ ਕਿਤਾਬਾਂ ਲਿਆ ਕੇ ਜਾਣਕਾਰੀ ਹਾਸਲ ਕਰ ਸਕਣ।


## ਕਿਤਾਬਾਂ ਮੰਗਵਾਉਣ ਲਈ

**Whatsapp your Address at: 9855789851**

Contact: 98557-89851, 0183-50098 51

ਕੀਮਤ 50/-

PANJAAB

ਨਵੰਬਰ-ਦਸੰਬਰ 2024 Nov-Dec 2024

ਅੰਕ : 2 Private Circulation only

*ਸਮਰਪਣ*

**ਗੁਰਮਤਿ ਵਿਚਾਰਧਾਰਾ**

*"ਭੈ ਕਾਹੂ ਕਉ ਦੇਤ ਨਹਿ*
*ਨਹਿ ਭੈ ਮਾਨਤ ਆਨ ॥"*

*ਮੁੱਖ ਸੰਪਾਦਕ ਅਤੇ ਸੀ.ਈ.ਓ.*

**ਮਨਜੀਤ ਸਿੰਘ ਭੋਗਲ (ਜਰਮਨੀ)**

ਮੁੱਖ ਸੰਪਾਦਕ 'ਪੰਜਆਬ' ਮੈਗਜ਼ੀਨ
Chairman IPCC Germany
Intellectual Punjabi Chamber of Commerce
ਸਬ ਐਡੀਟਰ (ਪੰਜਾਬ ਹੈੱਡਲਾਈਨਜ਼)

*ਸਹਾਇਕ ਸੰਪਾਦਕ*

**ਡਾ: ਸੁਰਜੀਤ ਸਿੰਘ ਜਰਮਨੀ**

ਸਹਾਇਕ ਸੰਪਾਦਕ 'ਪੰਜਆਬ' ਮੈਗਜ਼ੀਨ
President IPCC Germany
Intellectual Punjabi Chamber of Commerce
Bureau Chief Germany (ਪੰਜਾਬ ਹੈੱਡਲਾਈਨਜ਼)

**Address**

**PANJAAB**
**Neuebau Str 64A**
**97070 Wurzburg**
**Germany**

**Phone Numbers**

**+49 176 30760697**

**E-mail**

**Panjaab2024@yahoo.com**

ਸਭ ਹੱਕ ਰਾਖਵੇਂ ਹਨ। ਬਿਨਾਂ ਇਜ਼ਾਜਤ ਤੋਂ ਕੋਈ ਵੀ ਮੈਟਰ 'ਪੰਜਆਬ' ਰਸਾਲੇ 'ਚੋਂ ਲੈ ਕੇ ਛਾਪਣਾ ਮਨ੍ਹਾ ਹੈ।

**ਸੰਪਾਦਕੀ**

## ਪਿੱਛੇ ਹੋਈਆਂ ਗ਼ਲਤੀਆਂ ਤੋਂ ਸਿੱਖਣ ਦੀ ਲੋੜ

# ਹਰ ਸਿੱਖ ਸ਼ਸਤਰ ਵਿੱਦਿਆ ਦਾ ਧਾਰਨੀ ਬਣੇ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਿੱਖ ਪੰਥ ਦੀ ਸ਼ੁਰੂਆਤ ਕੀਤੀ ਤੇ ਉਹਨਾਂ ਦੇ ਕ੍ਰਾਂਤੀਕਾਰੀ ਪ੍ਰਵਚਨਾਂ ਅਤੇ ਭਾਰਤ ਸਮੇਤ ਵੱਖ-ਵੱਖ ਦੇਸ਼ਾਂ ਦੇ ਕਾਫ਼ੀ ਹਿੱਸਿਆਂ ਵਿੱਚ ਕੀਤੇ ਭ੍ਰਮਣ ਨੇ ਦੁਨੀਆਂ ਨੂੰ ਇੱਕ ਵਿਲੱਖਣ ਤੇ ਨਿਆਰਾ ਧਰਮ ਦਿੱਤਾ। ਜਿਸ ਦੀ ਵਾਗਡੋਰ ਅਗਲੇ ਚਾਰ ਜਾਮੇ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਤੋਂ ਹੁੰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਹੱਥਾਂ ਵਿੱਚ ਚਲੀ ਗਈ। ਪਿਛਲੇ ਤਿੰਨ ਜਾਮਿਆਂ ਦੇ ਜੀਵਨ 'ਤੇ ਜੇ ਪੰਛੀ-ਝਾਤ ਵੀ ਮਾਰੀਏ ਤਾਂ ਲੇਖ ਦਾ ਆਕਾਰ ਗ੍ਰੰਥ ਦੇ ਰੂਪ ਵਿੱਚ ਹੋ ਜਾਣਾ; ਇਸ ਲਈ ਆਉਣ ਵਾਲੇ ਅਗਲੇ ਅੰਕਾਂ ਵਿੱਚ ਗੁਰੂ ਸਾਹਿਬਾਨਾਂ ਦੇ ਜੀਵਨ-ਬਿਓਰੇ 'ਤੇ ਹਰੇਕ ਅੰਕ ਵਿੱਚ ਇੱਕ ਲੇਖ ਲੈ ਕੇ ਆਉਣ ਦਾ ਯਤਨ ਕਰਾਂਗੇ।

ਹੁਣ ਵਾਗਡੋਰ ਜਦੋਂ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਹੱਥਾਂ ਵਿੱਚ ਆਈ ਤਾਂ ਉਹਨਾਂ ਨੂੰ ਪਤਾ ਸੀ ਕਿ ਇਹ ਖ਼ਾਲਸਾ ਪੰਥ ਵਿੱਚ ਸਰੀਰਕ ਰੂਪ ਵਿੱਚ ਗੁਰੂ ਦੀ ਮੌਜੂਦਗੀ ਦਾ ਅੱਧਾ ਸਮਾਂ ਤੇ ਦਸਾਂ ਵਿੱਚੋਂ ਅੱਧੇ ਜਾਮਿਆਂ ਦੇ ਰੂਪ ਵਿੱਚ ਪੂਰਾ ਹੋ ਚੁੱਕਾ ਹੈ ਤੇ ਆਉਣ ਵਾਲੇ ਸਮੇਂ ਦੀ ਕ੍ਰਾਂਤੀ ਨੂੰ ਵੇਖਦੇ ਹੋਏ ਉਹਨਾਂ 'ਤੇ ਬਹੁਤ ਜ਼ਿਆਦਾ ਜਿੰਮੇਵਾਰੀਆਂ ਹਨ। ਜੋ ਉਹਨਾਂ ਨੇ ਬਹੁਤ ਹੀ ਸੂਝਬੂਝ ਤੇ ਹਰੇਕ ਪਲ ਦਾ ਪੂਰਾ-ਪੂਰਾ ਉਪਯੋਗ ਕਰਦੇ ਹੋਏ ਨਿਭਾਈ।

ਪਹਿਲੀ ਕ੍ਰਾਂਤੀ ਤਾਂ ਆਪਣੀ ਬਾਣੀ ਸਮੇਤ ਪਿਛਲੇ ਗੁਰੂ ਸਾਹਿਬਾਨਾਂ, ਭਗਤ ਸਾਹਿਬਾਨ, ਭੱਟ ਸਾਹਿਬਾਨ ਤੇ ਸਿੱਖਾਂ ਦੀਆਂ ਬਾਣੀਆਂ ਨੂੰ ਇਕੱਤਰ ਕਰ ਕੇ 'ਪੋਥੀ ਪਰਮੇਸ਼ਰ ਕਾ ਥਾਨ' ਦੀ ਸੰਪਾਦਨਾ ਕਰ ਕੇ ਕਰ ਦਿੱਤੀ। ਹੁਣ ਜੋ ਅਗਲੀ ਕ੍ਰਾਂਤੀ ਸੀ, ਉਹ ਲੋਕਾਂ ਨੂੰ ਜ਼ੁਲਮ ਨਾਲ ਲੜਨ ਦਾ ਬ਼ਲ ਬਖ਼ਸ਼ਣਾ। ਗੁਰੂ ਸਾਹਿਬਾਨ ਜੀ ਭਲੀ-ਭਾਂਤ ਜਾਣਦੇ ਸਨ ਕਿ ਆਉਣ ਵਾਲੇ ਸਮੇਂ ਵਿੱਚ ਛੇਵੇਂ ਜਾਮੇ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਰੂਪ ਵਿੱਚ ਸਿੱਖਾਂ ਨੂੰ ਜੰਗਾਂ ਲੜਨ ਦੀ ਜਾਚ ਸਿਖਾਉਣੀ ਹੈ ਤੇ ਜ਼ੁਲਮ ਨੂੰ ਨਾਸ਼ ਕਰ ਕੇ ਜਿੱਤ ਪ੍ਰਾਪਤ ਕਰਨ ਦਾ ਬ਼ਲ ਵੀ ਦੇਣਾ ਹੈ। ਇਸੇ ਕਰਕੇ ਉਹਨਾਂ ਨੇ ਸਿੱਖਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਇਕੱਤਰ ਕਰਨਾ ਸ਼ੂਰੂ ਕੀਤਾ ਤੇ ਨਾਲ ਹੀ ਸਿੱਖੀ ਦਾ ਪ੍ਰਚਾਰ ਹੋਰ ਤੇਜ ਕਰ ਕੇ ਸਿੱਖ ਧਰਮ ਦੀਆਂ ਹੱਦਾਂ ਰਾਵੀ ਤੋਂ ਪਰ੍ਹਾਂ ਤਕ ਫੈਲਾ ਦਿੱਤੀਆਂ। ਸਿੱਖਾਂ ਨੂੰ ਕਿਰਤ ਕਰਨ ਦੇ ਨਾਲ-ਨਾਲ ਯੋਧੇ ਬਣਾਉਣ ਦੀ ਵਿਉਂਤ ਵੀ ਸ਼ੁਰੂ ਕਰ ਦਿੱਤੀ।

ਅੱਜ ਅਸੀਂ ਨਵੰਬਰ ਚੁਰਾਸੀ ਵਿੱਚ ਹੋਏ ਸਿੱਖਾਂ ਦੇ ਕਤਲੇਆਮ ਲਈ ਜਿੱਥੇ ਸਰਕਾਰਾਂ ਨੂੰ ਦੋਸ਼ੀ ਮੰਨਦੇ ਹਾਂ, ਓਥੇ ਹੀ ਸਾਡੀ ਆਪਣੀ ਵੀ ਗ਼ਲਤੀ ਹੈ। ਅਸੀਂ ਉਸ ਗੁਰੂ ਦੇ ਸਿੱਖ ਸੀ, ਜਿਸ ਨੇ ਤੁਹਾਨੂੰ ਕਿਰਤ ਦੇ ਅੰਦਰ ਹੀ ਯੋਧੇ ਬਣਨ ਦੀ ਤਕਨੀਕ ਸਿਖਾਈ ਤੇ ਅੱਜ ਤੁਸੀਂ ਕਿਰਤ ਦੇ ਨਾਂ ਦੁਕਾਨਾਂ, ਦਫ਼ਤਰਾਂ, ਟਰੱਕਾਂ ਦੀ ਸੀਟਾਂ 'ਤੇ ਬੈਠ-ਬੈਠ ਢਿੱਡ ਵੱਡੇ ਕਰ ਲਏ ਤੇ ਆਪਣਾ ਭਾਰ ਨਾਲ ਲੈ ਕੇ ਚੱਲਣ ਤੋਂ ਵੀ ਅਸਮਰਥ ਹੋ ਗਏ। ਕਈਆਂ ਦਾ ਤਾਂ ਇੰਨਾ ਬੁਰਾ ਹਾਲ ਹੈ ਕਿ ਉਹ 10 ਕਦਮ ਤਕ ਨਹੀਂ ਪੁੱਟ ਸਕਦੇ ਤੇ ਸਾਹ ਫੁੱਲ ਜਾਂਦਾ ਤੇ ਭੀੜ ਪੈਣ 'ਤੇ ਤੁਸੀਂ ਕਿਸ ਤਰ੍ਹਾਂ ਮੁਕਾਬਲਾ ਕਰੋਂਗੇ। ਖ਼ੈਰ, ਇਸ ਵਿੱਚ ਆਮ ਸਿੱਖ ਘੱਟ ਕਸੂਰਵਾਰ ਹੈ, ਜ਼ਿਆਦਾ ਕਸੂਰਵਾਰ ਸਾਡੀ ਲੀਡਰਸ਼ਿਪ ਹੈ, ਜੋ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਤੋਂ ਦੂਰ ਹੋ ਕੇ ਸਿਰਫ਼ 'ਰੋਟੀਆਂ ਕਾਰਨ ਪੂਰੇ ਤਾਲ' ਕਰਦੀਆਂ ਨੇ।



ਨਵੰਬਰ 1984 'ਚ ਇੱਕ ਸਿੱਖ ਦੇ ਕੇਸ ਕਤਲ ਕਰਨ ਮਗਰੋਂ ਜ਼ੁਲਮ ਕਰਦੀਆਂ ਹਿੰਦੂ ਭੀੜਾਂ


ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਆ ਕੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਕੋਲ਼ ਸਿੱਖਾਂ ਨੇ ਕਹਿਣਾ ਕਿ ਮਹਾਰਾਜ ਕਿਹੜੀ ਕਿਰਤ ਸ਼ੁਰੂ ਕਰੀਏ ਤਾਂ ਮਹਾਰਾਜ ਨੇ ਕਿਹਾ ਘੋੜਿਆਂ ਦਾ ਵਪਾਰ ਸ਼ੁਰੂ ਕਰੋ, ਲਾਹੇ ਦਾ ਸੌਦਾ ਹੈ। ਪਰ ਲਾਹੇ ਦਾ ਸੌਦਾ ਓਦੋਂ ਆ ਜੇ ਤੁਸੀਂ ਘੋੜੇ ਅਰਬ ਤੋਂ ਲਿਆ ਕਿ ਭਾਰਤ ਵਿੱਚ ਵੇਚੋਗੇ ਕਿਉਂਕਿ ਅਰਬੀ ਨਸਲ ਦੇ ਘੋੜੇ ਦੀ ਸ਼ੁਰੂ ਤੋਂ ਹੀ ਮੰਗ ਵਧੇਰੇ ਰਹੀ ਤੇ ਇਹ ਨਸਲ ਲੋਕਾਂ ਵਿੱਚ ਹਰਮਨ-ਪਿਆਰੀ ਵੀ ਹੈ। ਹੁਣ ਸਿੱਖਾਂ ਨੂੰ ਘੋੜਿਆਂ ਦੇ ਵਪਾਰ ਵਿੱਚ ਮੁਨਾਫ਼ਾ ਤਾਂ ਹੋਣਾ ਸੀ ਪਰ ਸਮਰੱਥ ਗੁਰੂ ਨੇ ਉਹਨਾਂ ਨੂੰ ਜੰਗਜੂ ਵੀ ਬਣਾ ਲਿਆ। ਜਦੋਂ ਉਹ ਅਰਬ ਤੋਂ ਘੋੜੇ ਲੈ ਕੇ ਆਉਂਦੇ ਤਾਂ ਲੰਮਾ ਪੈਂਡਾ ਹੋਣ ਕਾਰਨ ਘੋੜ ਸਵਾਰੀ ਕਰਕੇ ਛੇਤੀ ਮੁੱਕ ਜਾਂਦਾ ਸੀ ਤੇ ਓਥੋਂ ਲੈ ਕੇ ਭਾਰਤ ਤਕ ਆਉਂਦੇ-ਆਉਂਦੇ ਉਹ ਸਿੱਖ ਚੰਗੇ ਘੋੜ ਸਵਾਰ ਬਣ ਜਾਂਦੇ ਸਨ। ਤੇ ਜਦੋਂ ਉਹ ਵਧੀਆ ਨਸਲ ਦੇ ਘੋੜੇ ਲੈ ਕੇ ਅਰਬ ਤੋਂ ਭਾਰਤ ਨੂੰ ਆਉਂਦੇ ਸਨ ਤਾਂ ਰਸਤੇ ਵਿੱਚ ਲੁਟੇਰੇ, ਡਾਕੂ ਉਹਨਾਂ ਕੋਲੋ ਸਮਾਨ ਸਮੇਤ ਘੋੜੇ ਲੁੱਟਣ ਦਾ ਯਤਨ ਵੀ ਕਰਦੇ ਸਨ; ਜਿਸ ਕਾਰਨ ਉਹਨਾਂ ਨੂੰ ਆਪਣੇ ਨਾਲ ਹਥਿਆਰ ਲੈ ਕੇ ਚੱਲਣ ਪੈਂਦਾ ਸੀ ਤੇ ਲੁੱਟ ਹੋਣ ਦੀ ਸੂਰਤ ਵਿੱਚ ਉਹ ਹਥਿਆਰ ਚਲਾਉਂਦੇ। ਜਿਸ ਦੇ ਫ਼ਲਸਰੂਪ ਉਹ ਹੌਲੀ-ਹੌਲੀ ਤਲਵਾਰਬਾਜ਼ੀ ਵਿੱਚ ਵੀ ਨਿਪੁੰਨ ਹੋ ਗਏ। ਇਸ ਤਰ੍ਹਾਂ ਸ਼ਾਂਤੀ ਦੇ ਦੂਤ ਸਮਰੱਥ ਗੁਰੂ ਨੇ ਆਪਣੇ ਸਿੱਖਾਂ ਨੂੰ ਯੋਧੇ ਵੀ ਬਣਾ ਦਿੱਤਾ ਤੇ ਕਾਰੋਬਾਰੀ ਵੀ।

ਹੁਣ ਜਦੋਂ ਤਿਆਰੀ ਹੋ ਗਈ ਤਾਂ 'ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ' ਪਰਖਣਾ ਸੀ ਕਿ ਕਿਤੇ ਇਹ ਤਾਂ ਨਹੀਂ ਦਸਵੇਂ ਜਾਮੇ ਤਕ ਜਾਂਦੇ-ਜਾਂਦੇ ਇਹ ਸਿੱਖ ਪੂਰੇ ਜਰਨੈਲ ਬਣਨ ਦੀ ਸਮਰੱਥਾ ਰੱਖਦੇ ਵੀ ਹਨ ਜਾਂ ਨਹੀਂ; ਪੰਜਵੇਂ ਪਾਤਸ਼ਾਹ ਨੇ ਆਪਣੀ ਸ਼ਹਾਦਤ ਦੇ ਕੇ ਉਹ ਬਾਣ ਸਿੱਖਾਂ ਦੇ ਦਿਲਾਂ ਵਿੱਚ ਲਵਾਇਆ, ਜਿਸ ਨੇ ਰੋਸ ਜਗਾਉਣਾ ਸੀ। ਬਸ ਫਿਰ ਕੀ ਸੀ ਛਠਮ ਪੀਰ ਨੇ 4 ਜੰਗਾਂ ਵਿੱਚ ਇਹਨਾਂ ਨੂੰ ਲੜਾ ਕੇ ਜਿੱਤਣਾ ਸਿਖਾ ਦਿੱਤਾ ਤੇ ਆਉਣ ਵਾਲੇ ਅਗਲੇ ਸਮੇਂ ਵਿੱਚ ਇਹ ਜਿੱਤ ਖ਼ਾਲਸਾ ਰਾਜ ਤਕ ਅਪੜ ਗਈ। ਗੁਰੂ ਸਾਹਿਬ ਦੇ ਫਲਸਫੇ 'ਤੇ ਚੱਲਣ ਵਾਲਿਆਂ ਨੇ ਖ਼ਾਲਸਾ ਰਾਜ ਤਕ ਇਹ ਜਿੱਤ ਪਹੁੰਚਾ ਦਿੱਤੀ।

ਨਵੰਬਰ ਚੁਰਾਸੀ ਵਿੱਚ ਸਾਡੀ ਹੁਣ ਵਾਲੀ ਲੀਡਰਸ਼ਿਪ ਨੇ ਇਹ ਜਿੱਤ ਨਵੰਬਰ ਚੁਰਾਸੀ ਵਿੱਚ ਨਸਲਕੁਸ਼ੀ ਕਰਵਾ ਕੇ ਕਿਸ ਪਾਸੇ ਲਿਆ ਖੜ੍ਹੀ ਕੀਤੀ। ਕਾਰੋਬਾਰਾਂ ਲਈ ਗੁਰੂ ਸਾਹਿਬਾਨ ਨੇ ਵੀ ਸਿੱਖਾਂ ਨੂੰ ਪੰਜਾਬੋਂ ਬਾਹਰ ਭੇਜਿਆ ਪਰ ਉਸ ਸਮਰੱਥ ਗੁਰੂ ਨੇ ਸਿੱਖ ਨੂੰ ਯੋਧਾ ਬਣਾ ਕੇ ਤੋਰਿਆ ਕਿ ਜਿਹੜਾ ਵੀ ਚੜ੍ਹ ਕੇ ਆਵੇ ਮੂੰਹ ਦੀ ਖਵਾ ਕੇ ਤੋਰਨਾ। ਇਹੀ ਕੁਝ ਹੋਇਆ ਵੀ। ਪਰ ਹੁਣ ਗੁਰੂ ਫਲਸਫੇ ਤੋਂ ਕੋਹਾਂ ਦੂਰ ਸਿੱਖ ਤੇ ਇਹਨਾਂ ਦੀ ਲੀਡਰਸ਼ਿਪ ਮੂੰਹ ਚੁੱਕ ਕੇ ਵਿਦੇਸ਼ਾਂ ਜਾਂ ਭਾਰਤ ਦੇ ਹੋਰਨਾਂ ਸੂਬਿਆਂ ਨੂੰ ਤੁਰੇ ਜਾਂਦੇ ਹਨ। ਪਰ ਜਦੋਂ ਭੀੜ ਪੈਂਦੀ ਤੇ ਇਹਨਾਂ ਕੋਲ ਕੋਈ ਹੱਲ ਹੀ ਨਹੀਂ। ਓਸ ਵੇਲੇ ਜਿਹੜੇ ਸੂਰਮੇ ਗੁਰੂ ਆਸ਼ੇ ਅਨੁਸਾਰ ਜੀਵਨ ਬਤੀਤ ਕਰਦੇ ਸਨ, ਉਹਨਾਂ ਦਾ ਦਿੱਲੀ ਵਿੱਚ ਓਨਾ ਨੁਕਸਾਨ ਨਹੀਂ ਹੋਇਆ ਜਿੰਨਾ ਬਾਕੀ ਸਿੱਖਾਂ ਦਾ ਹੋਇਆ। ਜਦੋਂ ਵੀ ਕਿਸੇ ਯੋਧੇ ਦੇ ਘਰ ਵੱਲ ਭੀੜ ਚੜ੍ਹ ਕੇ ਆਈ ਤਾਂ ਉਸ ਨੇ ਉਹਨਾਂ ਵਿੱਚੋਂ ਕਈਆਂ ਨੂੰ ਪਾਰ ਬੁਲਾ ਕੇ ਸ਼ਹਾਦਤ ਦਿੱਤੀ, ਨਾ ਕਿ ਦੂਜੇ ਆਮ ਲੋਕਾਂ ਵਾਂਗ ਆਪਣਾ ਸਾਰਾ ਕੁਝ ਲੁਟਾ ਕੇ ਭੰਗ ਦੇ ਭਾਅ ਦੁਨੀਆਂ ਤੋਂ ਰੁਖ਼ਸਤ ਹੋ ਗਏ।

ਇਹ ਗੱਲ ਮੇਰੇ ਵੇਖਣ ਦੀ ਹੈ ਕਿ ਮੇਰੇ ਭੂਆ ਜੀ ਦੇ ਬੇਟੇ ਜੋ ਅੱਜ ਵੀ ਦਿੱਲੀ ਰਹਿੰਦੇ ਹਨ, ਉਹਨਾਂ ਦੇ ਪਿਤਾ ਜੀ ਸਾਡੇ ਫੁੱਫੜ ਜੀ ਨੇ ਉਹਨਾਂ ਨੂੰ ਸਰੀਰਕ ਪੱਖੋਂ ਮਜਬੂਤ ਬਣਾਇਆ ਤੇ ਹਰੇਕ ਨੂੰ ਆਪਣਾ ਲਾਇਸੈਂਸੀ ਹਥਿਆਰ ਵੀ ਰੱਖਣ ਲਈ ਪ੍ਰੇਰਿਆ। ਇਹ ਉਹਨਾਂ ਦੀ ਦੂਰਦਰਸ਼ੀ ਸੀ ਤਾਂ ਹੀ ਉਹਨਾਂ ਨੇ ਆਪਣੇ ਪੁੱਤਰਾਂ ਨੂੰ ਗੁਰੂ ਆਸ਼ੇ ਅਨੁਸਾਰ ਤਿਆਰ ਬਰ ਤਿਆਰ ਕੀਤਾ ਤੇ ਭੀੜ ਪੈਣ ਤੋਂ ਬਾਅਦ ਜਦੋਂ ਅਸੀਂ ਦਿੱਲੀ ਗਏ ਤਾਂ ਗਲ਼ੀ ਵਾਲਿਆਂ ਦੇ ਦੱਸਣ ਅਨੁਸਾਰ ਕਿ ਸਾਡੀ ਗਲ਼ੀ ਦੇ ਮੋੜ ਤੋਂ ਜਦੋਂ ਭੀੜ ਮੁੜੀ ਤਾਂ ਤੁਹਾਡੇ ਭਰਾਵਾਂ ਨੇ ਸੈਲਫ ਡਿਫੈਂਸ ਲਈ ਆਪਣੇ ਲਾਇਸੈਂਸੀ ਹਥਿਆਰ ਤਾਣ ਲਏ ਤਾਂ ਹਜੂਮ ਦਾ ਹੀਆ ਨਹੀਂ ਪਿਆ ਉਸ ਗਲ਼ੀ ਵੱਲ ਨੂੰ ਇੱਕ ਵੀ ਲਾਂਘ ਪੁੱਟਣ ਦਾ, ਤੇ ਜਿੰਨੇ ਦਿਨ ਵੀ ਪ੍ਰਸ਼ਾਸ਼ਨ ਦੀ ਮਿਲ਼ੀਭੁਗਤ ਨਾਲ ਇਹ ਨਸ਼ਲਕੁਸ਼ੀ ਚੱਲੀ, ਉਸ ਗਲ਼ੀ ਵੱਲ ਕੋਈ ਵੀ ਮੁੜ ਕੇ ਨਹੀਂ ਆਇਆ।

ਇਹ ਗੱਲ ਅੱਜ ਵਾਲੇ ਸਿੱਖਾਂ ਨੂੰ ਵੀ ਜਾਣ ਲੈਣੀ ਚਾਹੀਦੀ ਹੈ। ਜਿਹੜੇ ਆਂਢੀ-ਗੁਆਂਢੀਆਂ ਨਾਲ ਤੁਸੀਂ ਬੈਠ ਕੇ ਖਾਣੇ-ਪੀਣੇ ਓ, ਲੋੜ ਪੈਣ 'ਤੇ ਉਹਨਾਂ ਦੀ ਗਰਜਾਂ ਵੀ ਪੂਰੀਆਂ ਕਰਦੇ ਹੋ; ਭੀੜ ਪੈਣ 'ਤੇ ਤੁਹਾਡੀਆਂ ਜਾਇਦਾਦਾਂ ਨੂੰ ਲੁੱਟਣ ਲਈ ਓਹੀ ਸਭ ਤੋਂ ਪਹਿਲਾਂ ਆਉਣਗੇ (ਇਹ ਗੱਲ ਸਾਰਿਆਂ 'ਤੇ ਲਾਗੂ ਨਹੀਂ ਹੁੰਦੀ ਪਰ ਬਹੁਗਿਣਤੀ 'ਤੇ ਹੈ)। ਇਹੀ ਕੁਝ ਸਾਡੇ ਨਾਲ 1947 ਵਿੱਚ ਵੀ ਹੋਇਆ। ਜਿਸ ਭਾਈਚਾਰੇ ਦੀ ਦੁਹਾਈ ਦਿੰਦੇ ਸੀ, ਓਸੇ ਭਾਈਚਾਰੇ ਨੇ ਓਸ ਵੇਲੇ ਜ਼ਮੀਨਾਂ-ਜਾਇਦਾਦਾਂ ਦੇ ਬਦਲੇ ਸਾਡੇ ਸ਼ਿਕਾਰ ਖੇਡੇ ਤੇ ਇਹੀ ਕੁਝ ਦਿੱਲੀ ਸਮੇਤ ਭਾਰਤ ਦੇ ਕਈ ਸੂਬਿਆਂ ਵਿੱਚ 1984 ਵਿੱਚ ਵੀ ਵਾਪਰਿਆ। ਤੇ ਜਦੋਂ ਕਿਸੇ ਵਿਦੇਸ਼ੀ ਮੁਲਕ ਵਿੱਚ ਵੀ ਕੱਲ੍ਹ ਨੂੰ ਅਜਿਹੇ ਹਾਲਾਤ ਬਣੇ ਤਾਂ ਹੋਣਾ ਓਥੇ ਵੀ ਇਹੀ ਕੁਝ ਹੈ।



ਨਵੰਬਰ 1984 'ਚ ਇੱਕ ਸਿੱਖ ਟਰੱਕ ਡਰਾਈਵਰ ਦਾ ਕਤਲ ਕਰਨ ਸਮੇਂ ਹਿੰਦੂ ਭੀੜਾਂ

ਇਸ ਲਈ ਘੱਟੋ-ਘੱਟ ਹਰੇਕ ਸਿੱਖ, ਚਾਹੇ ਮਰਦ ਹੋਵੇ ਜਾਂ ਔਰਤ; ਸਰੀਰਕ ਰੂਪ ਵਿੱਚ ਮਜਬੂਤ ਹੋਵੇ ਤੇ ਗਤਕਾ ਜ਼ਰੂਰ ਸਿੱਖਿਆ ਹੋਵੇ। ਕਿਉਂਕਿ ਕੱਲ੍ਹ ਨੂੰ ਜਦੋਂ ਭੀੜ ਚੜ੍ਹ ਆਵੇ ਜਾਂ ਤੁਹਾਡੇ ਵੱਲ ਨੂੰ ਚੜ੍ਹਾਈ ਜਾਵੇ, ਜਿਸ ਤਰ੍ਹਾਂ 84 ਵੇਲ਼ੇ ਦਿੱਲੀ ਹੋਇਆ ਸੀ ਤਾਂ ਤੁਸੀਂ ਘੱਟੋ-ਘੱਟ ਰਾਹਤ ਆਉਣ ਤਕ ਆਪਣਾ ਬਚਾਅ ਤਾਂ ਕਰ ਸਕੋ।

ਤੇ ਇੱਕ ਜਿਹੜੀ ਚੀਜ ਮੈਂ ਜਰਮਨੀ ਵਿੱਚ ਏਨੇ ਸਾਲਾਂ ਤੋਂ ਰਹਿੰਦਿਆਂ ਵੇਖੀ ਕਿ ਇੱਥੋਂ ਦੇ ਲੋਕ ਤਕਰੀਬਨ ਆਪਣੇ ਘਰਾਂ ਵਿੱਚ ਬੇਸਮੈਂਟ ਨੂੰ ਬਹੁਤ ਮਜਬੂਤੀ ਤੇ ਵਧੀਆ ਤਰੀਕੇ ਨਾਲ ਬਣਾਉਂਦੇ ਹਨ ਕਿ ਜੇ ਕਿਤੇ ਭੀੜ ਪੈ ਜਾਵੇ ਤਾਂ ਕਈ ਦਿਨ ਉਸ ਵਿੱਚ ਅੰਨ ਪਾਣੀ ਦੇ ਭੰਡਾਰ ਨਾਲ ਆਪਣੇ ਪਰਿਵਾਰ ਸਮੇਤ ਸੁਰੱਖਿਤ ਰਿਹਾ ਜਾ ਸਕੇ।

ਪਿੱਛੇ ਹੋਈਆਂ ਗ਼ਲਤੀਆਂ ਤੋਂ ਸਿੱਖਣ ਦੀ ਲੋੜ ਹੈ ਤੇ ਗੁਰੂ ਸਹਿਬਾਨਾਂ ਦੇ ਜੀਵਨ ਨੂੰ ਸਹੀ ਤਰ੍ਹਾਂ ਪੜ੍ਹ ਕੇ ਉਸ ਵਿੱਚੋਂ ਉਹਨਾਂ ਦੀਆਂ ਸਿੱਖਿਆਵਾਂ ਗ੍ਰਹਿਣ ਕਰਨ ਦੀ ਲੋੜ ਹੈ, ਨਾ ਕਿ ਅੱਜ ਵਾਲੇ ਸਾਡੇ ਪ੍ਰਚਾਰਕਾਂ-ਬਾਬਿਆਂ ਕੋਲ਼ੋਂ ਸੁਣੀਆਂ ਹਵਾਈ ਗੱਲਾਂ ਸਿੱਖਣ ਦੀ, ਜਿਹੜੀਆਂ ਇਤਿਹਾਸ ਤੋਂ ਕੋਹਾਂ ਦੂਰ ਹਨ।

ਸਿੱਖਾਂ ਦਾ ਮਾਰਸ਼ਲ ਆਰਟ 'ਗਤਕਾ' ਪਹਿਲਾਂ ਤਕਰੀਬਨ ਹਰੇਕ ਸੰਪਰਦਾ ਵਿੱਚ ਸਿਖਾਇਆ ਜਾਂਦਾ ਸੀ ਪਰ ਅੱਜ ਇਹਨਾਂ ਸੰਪਰਦਾਵਾਂ ਵਿੱਚ, ਸਾਰੀਆਂ ਨਹੀਂ ਪਰ ਜ਼ਿਆਦਾਤਰ ਬਾਬੇ ਖ਼ੁਦ ਅਸ਼ਲੀਲ ਹਰਕਤਾਂ ਕਰਦੇ ਹਨ ਤੇ ਚੇਲਿਆਂ ਨੂੰ ਵੀ ਸਿਖਾ ਰਹੇ ਹਨ।

ਇੱਥੇ ਇੱਕ ਗੱਲ ਦਾ ਵਰਨਣ ਕਰਨਾ ਚਾਹਾਂਗਾ ਕਿ ਮੇਰੇ ਬੱਚੇ ਦੇ ਸਕੂਲ ਵਿੱਚ ਜਦੋਂ ਉਹ ਪੜ੍ਹਦਾ ਸੀ ਤਾਂ ਉਸ ਦੀ ਇੱਕ ਟੀਚਰ ਨੇ ਮੈਨੂੰ ਹਮੇਸ਼ਾ ਕਹਿਣਾ ਸਿੰਘ! ਇਸ ਨੂੰ ਤੈਰਾਕੀ ਜਰੂਰ ਸਿਖਾਓ। ਮੈਂ ਸੋਚਣਾ ਇਹ ਪਤਾ ਨਹੀਂ ਕਿਉਂ ਪਿੱਛੇ ਗਈ। ਸਾਡੇ ਪਾਸੇ ਕਿਹੜਾ ਪਾਣੀ ਤੁਰਿਆ। ਉੱਚੇ ਇਲਾਕੇ ਵਿੱਚ ਵੱਸੇ ਆਂ, ਨਾਲੇ ਨਦੀ ਵੀ ਕੋਹਾਂ ਦੂਰ ਵਹਿੰਦੀ, ਉਹ ਵੀ ਵਿਚਾਰੀ 2 ਫਰਲਾਂਗਾ ਦੀ ਨਹਿਰ ਈ ਆ। ਪਰ ਉਹ ਟੀਚਰ ਦੂਰਦਰਸ਼ੀ ਸੀ। ਅੱਜ ਜਦੋਂ ਪੜ੍ਹੀਦਾ ਕਿ ਦੁਨੀਆਂ ਵਿੱਚ ਤਕਰੀਬਨ 5 ਤੋਂ 7 ਪ੍ਰਤੀਸ਼ਤ ਮੌਤਾਂ ਪਾਣੀ ਵਿੱਚ ਡੁੱਬਣ ਕਾਰਨ ਹੁੰਦੀਆਂ ਹਨ ਤਾਂ ਹੈਰਾਨ ਹੁੰਨਾ ਹਾਂ ਕਿ ਉਸ ਨੂੰ ਇੱਕ ਅਧਿਆਪਕ ਹੋਣ ਦੇ ਨਾਤੇ ਆਪਣੇ ਵਿਦਿਆਰਥੀ ਦੀ ਕਿੰਨੀ ਫ਼ਿਕਰ ਸੀ। ਇਹ ਅਸਲ ਉਸਤਾਦ ਦੀ ਨਿਸ਼ਾਨੀ ਹੈ। ਜੋ ਤੁਹਾਡੀ ਫ਼ਿਕਰ ਕਰਕੇ ਤੁਹਾਨੂੰ ਆਉਣ ਵਾਲੇ ਸਮੇਂ ਲਈ ਤਿਆਰ ਕਰੇ। ਜਿਸ ਤਰ੍ਹਾਂ ਸਾਡੇ 10 ਗੁਰੂ ਸਾਹਿਬਾਨਾਂ ਨੇ ਸਿੱਖਾਂ ਨੂੰ ਕੀਤਾ ਪਰ ਅਫਸੋਸ ਸਿੱਖ ਉਸ ਗੁਰੂਆਂ ਦੇ ਸਿਖਿਆਰਥੀ ਹੋਣ ਦੀ ਬਜਾਏ ਅੱਜ-ਕੱਲ੍ਹ ਨਕਲੀ ਬਾਬਿਆਂ ਤੇ ਡੇਰੇਵਾਦਾਂ ਦੇ ਸਿਖਿਆਰਥੀ ਹੋ ਗਏ, ਜਿਹੜੇ ਇਹਨਾਂ ਦੀਆਂ ਧੀਆਂ-ਭੈਣਾਂ ਨਾਲ ਬਲਾਤਕਾਰ ਵਰਗੀਆਂ ਘਿਨਾਉਣੀਆਂ ਹਰਕਤਾਂ ਵੀ ਕਰ ਜਾਂਦੇ ਹਨ।

ਸਿੱਖੋ! ਜਿਸ ਦਿਨ ਤੁਸੀਂ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਨੂੰ ਫਿਰ ਤੋਂ ਗ੍ਰਹਿਣ ਕਰ ਲਿਆ, ਕੋਈ ਵੀ ਸਰਕਾਰ ਜਾਂ ਹਜੂਮ ਤੁਹਾਡਾ ਕੁਝ ਨਹੀਂ ਵਿਗਾੜ ਸਕੇਗਾ ਤੇ ਮੂੰਹ ਦੀ ਖਾ ਕੇ ਜਾਏਗਾ।

ਅੱਜ ਤੋਂ ਸ਼ੁਰੂ ਕਰੋ ਆਪਣੇ ਬੱਚਿਆਂ ਸਮੇਤ 30 ਮਿੰਟ ਨਾਮ-ਸਿਮਰਨ ਤੋਂ ਲੈ ਕੇ 30 ਮਿੰਟ ਰੋਜ਼ਾਨਾ ਦੀ ਵਰਜਿਸ਼-ਗਤਕਾ ਆਦਿਕ ਸਿਖਾਓ; ਫਿਰ ਵੇਖਣਾ ਸਿੱਖ ਕੌਮ ਦੁਨੀਆਂ ਦੀ ਸਭ ਤੋਂ ਵੱਧ ਸਰੀਰਕ ਤੇ ਮਾਨਸਿਕ ਪੱਖੋਂ ਤਾਕਤਵਰ ਕੌਮ ਕਹਾਏਗੀ ਤੇ ਜੇ ਕਿਤੇ ਕੋਈ ਹਜੂਮ ਦਿੱਲੀ ਵਾਲੇ ਨਵੰਬਰ 87 ਦੀ ਤਰਜ਼ 'ਤੇ ਤੁਹਾਡੇ ਘਰਾਂ ਵੱਲ ਨੂੰ ਵਧਿਆ ਤਾਂ ਦਰਵਾਜੇ 'ਤੇ ਲਿਖਿਆ ਸਿੰਘ-ਕੌਰ ਨਾਂ ਵੇਖ ਕੇ ਹੀ ਹੀਆ ਨਹੀਂ ਹੋਣਾ, ਤੁਹਾਡੇ ਘਰਾਂ ਵਿੱਚ ਵੜਨ ਦਾ। ਸ਼ਸ਼ਤਰਾਂ ਨੂੰ ਦਸਮੇਸ਼ ਪਿਤਾ ਜੀ ਦੇ ਹੁਕਮ ਅਨੁਸਾਰ 'ਪੀਰ' ਮੰਨ ਕੇ ਘਰਾਂ ਵਿੱਚ ਰੱਖਣਾ ਤੇ ਉਹਨਾਂ ਨਾਲ ਅਭਿਆਸ ਤੁਹਾਡੀ ਵਰਜਿਸ਼ ਦਾ ਹਿੱਸਾ ਹੋਵੇ। ਫਿਰ ਜਦੋਂ ਕਿਸੇ ਹਜੂਮ ਨੇ ਤੁਹਾਡੀਆਂ ਬਰੂਹਾਂ 'ਤੇ ਪੈਰ ਪਾਇਆ ਤਾਂ ਇਨਸਾਫ਼ ਮੰਗਣ ਲਈ ਤੁਹਾਨੂੰ 40-40 ਸਾਲ ਅਦਾਲਤਾਂ ਦੇ ਚੱਕਰ ਨਹੀਂ ਕੱਟਣੇ ਪੈਣੇ, ਸਗੋਂ ਲੰਗੜੇ-ਲੂਲੇ ਹੋਏ ਉਹਨਾਂ ਕੁਕਰਮੀਆਂ ਨੂੰ ਜਾ ਕੇ ਮੰਗਣਾ ਪੈਣਾ ਕਿ ਇਸ ਨੇ ਮੇਰੀ ਲੱਤ ਜਾਂ ਬਾਂਹ ਵੱਢੀ। ਤੇ ਫਿਰ ਤੁਸੀਂ ਮਾਣ ਨਾਲ ਕਹਿ ਸਕਦੇ ਕਿ ਇਹ ਸਾਡੀ ਧੀ-ਭੈਣ ਦੀ ਪੱਤ ਲੁੱਟਣ ਦੀ ਮਨਸ਼ਾ ਨਾਲ ਆਇਆ ਤਾਂ ਆਪਣੇ ਪੈਰਾਂ 'ਤੇ ਸੀ ਪਰ ਗਿਆ ਐਂਬੂਲੈਂਸ ਵਿੱਚ।

ਗੁਰੂ ਪੰਥ ਦਾ ਦਾਸ

**ਮਨਜੀਤ ਸਿੰਘ ਭੋਗਲ (ਜਰਮਨੀ)**
ਮੁੱਖ ਸੰਪਾਦਕ 'ਪੰਜਾਬ' ਮੈਗਜ਼ੀਨ
ਚੇਅਰਮੈਨ (IPCC germany intellectual punjabi Chamber of Commerce)
ਸਬ ਐਡੀਟਰ (ਪੰਜਾਬ ਹੈੱਡਲਾਈਨਜ਼)

* * * *




– ਰਣਜੀਤ ਸਿੰਘ ਦਮਦਮੀ ਟਕਸਾਲ
(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)

# ਪੰਜਾਬ ਛੱਡਣ ਨੂੰ ਕੀਹਦਾ ਦਿਲ ਕਰਦੈ

ਦੇਸ ਪੰਜਾਬ ਗੁਰੂਆਂ, ਸੂਰਬੀਰਾਂ ਤੇ ਸ਼ਹੀਦਾਂ ਦੀ ਧਰਤੀ ਹੈ। ਇਸ ਨੂੰ 'ਸਿੱਖ ਹੋਮਲੈਂਡ' ਹੋਣ ਦਾ ਮਾਣ ਪ੍ਰਾਪਤ ਹੈ। ਇਸ ਧਰਤੀ ਦੇ ਚੱਪੇ-ਚੱਪੇ 'ਤੇ ਸਿੱਖ ਸ਼ਹੀਦਾਂ ਦਾ ਲਹੂ ਡੁੱਲ੍ਹਿਆ ਹੈ। ਇਸ ਦੀ ਆਬੋ-ਹਵਾ 'ਚ ਗੁਰੂ ਕੀ ਬਾਣੀ ਘੁਲੀ ਹੋਈ ਹੈ, ਇੱਥੇ ਹੀ ਮਾਣਮੱਤਾ ਸਿੱਖ ਇਤਿਹਾਸ ਸਿਰਜਿਆ ਗਿਆ ਹੈ। ਪੰਜਾਬ ਜਿਹਾ ਹੋਰ ਕੋਈ ਦੇਸ ਨਹੀਂ।

ਪੰਜਾਬ ਛੱਡਣ ਨੂੰ ਕੀਹਦਾ ਦਿਲ ਕਰਦਾ ਹੈ ? ਪਰ ਜੂਨ 1984 'ਚ ਹਿੰਦੁਸਤਾਨ ਦੀ ਹਕੂਮਤ ਨੇ ਦੇਸ ਪੰਜਾਬ ਅਤੇ ਸਿੱਖ ਕੌਮ ਨੂੰ ਅਜਿਹੀ ਮਾਰ ਮਾਰੀ ਕਿ ਪੰਜਾਬ ਦੇ ਅਨੇਕਾਂ ਅਣਖੀ ਸਿੱਖਾਂ ਨੂੰ ਪ੍ਰਦੇਸਾਂ 'ਚ ਜਾ ਕੇ ਵੱਸਣਾ ਪਿਆ।



ਪੰਜਾਬ ਦੀ ਜਵਾਨੀ ਵੱਡੀ ਗਿਣਤੀ ਵਿੱਚ ਵਿਦੇਸ਼ਾਂ ਵੱਲ ਰੁਖ਼ ਕਰ ਰਹੀ ਹੈ

1978 ਅਤੇ 1984 ਤੋਂ 1995 ਤੱਕ ਖ਼ਾਲਿਸਤਾਨ ਦੇ ਚੱਲੇ ਹਥਿਆਰਬੰਦ ਸਿੱਖ ਸੰਘਰਸ਼ ਦੌਰਾਨ ਹਜ਼ਾਰਾਂ ਸਿੰਘਾਂ-ਸਿੰਘਣੀਆਂ ਨੇ ਜੂਝ ਕੇ ਸ਼ਹਾਦਤਾਂ ਦੇ ਜਾਮ ਪੀਤੇ, ਬੇਅੰਤ ਪਰਿਵਾਰਾਂ ਨੇ ਸਰਕਾਰ ਦਾ ਜ਼ੁਲਮ-ਤਸ਼ੱਦਦ ਆਪਣੇ ਪਿੰਡੇ 'ਤੇ ਝੱਲਿਆ, ਕਈਆਂ ਨੇ ਲੰਮੀਆਂ ਜੇਲ੍ਹਾਂ ਕੱਟੀਆਂ, ਕਈ ਜਲਾਵਤਨੀ ਹੋ ਗਏ, ਹਕੂਮਤੀ ਜ਼ੁਲਮ ਤੋਂ ਤੰਗ ਆ ਕੇ ਕਈ ਸਿੰਘਾਂ ਨੂੰ ਪੰਜਾਬ ਛੱਡ ਕੇ ਵਿਦੇਸ਼ਾਂ 'ਚ ਸ਼ਰਨ ਲੈਣੀ ਪਈ।

ਅਠਾਰ੍ਹਵੀਂ ਸਦੀ ਦਾ ਇਤਿਹਾਸ ਪੜ੍ਹ-ਸੁਣ ਕੇ ਪਤਾ ਲੱਗਦਾ ਹੈ ਕਿ ਜਦੋਂ ਮੁਗਲ ਹਕੂਮਤ ਦਾ ਜ਼ੁਲਮ ਸਿਖ਼ਰਾਂ 'ਤੇ ਸੀ, ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ, ਸਿੱਖਾਂ ਨੂੰ ਚਰਖੜ੍ਹੀਆਂ 'ਤੇ ਚਾੜ੍ਹਿਆ ਜਾ ਰਿਹਾ ਸੀ, ਘੋਰ ਤਸੀਹੇ ਦੇ ਕੇ ਮਾਰਿਆ ਜਾ ਰਿਹਾ ਸੀ ਤਾਂ ਉਸ ਸਮੇਂ ਜਿੱਥੇ ਸਿੱਖਾਂ ਨੇ ਸਿੱਖੀ ਸਿਦਕ ਦੀ ਅਦੁੱਤੀ ਮਿਸਾਲ ਪੈਦਾ ਕੀਤੀ, ਜ਼ਾਲਮ ਜਰਵਾਣਿਆਂ ਨੂੰ ਲੋਹੇ ਦੇ ਚਣੇ ਚਬਾਏ ਤੇ ਸ਼ਾਨਾਮੱਤਾ ਇਤਿਹਾਸ ਸਿਰਜਿਆ ਤਾਂ ਓਦੋਂ ਹੀ ਸੰਘਰਸ਼ ਦੀ ਇੱਕ ਨੀਤੀ ਤਹਿਤ ਸਿੱਖ ਜੰਗਲਾਂ-ਪਹਾੜਾਂ ਵੱਲ ਵੀ ਨਿਕਲ ਜਾਂਦੇ ਸਨ ਤੇ ਠੀਕ ਸਮਾਂ ਆਉਣ 'ਤੇ ਫਿਰ ਨਿੱਤਰਦੇ ਸਨ।

ਇਸੇ ਤਰ੍ਹਾਂ ਜਦੋਂ ਹਿੰਦ ਸਰਕਾਰ ਨੇ ਵੀ ਅੱਤ ਚੁੱਕ ਲਈ, ਜੂਨ 1984 'ਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਟੈਂਕਾਂ-ਤੋਪਾਂ ਨਾਲ਼ ਫ਼ੌਜੀ ਹਮਲਾ ਕਰ ਦਿੱਤਾ, ਨਵੰਬਰ 1984 'ਚ ਸਿੱਖਾਂ ਦੇ ਗਲਾਂ 'ਚ ਬਲਦੇ ਟਾਇਰ ਪਾਏ ਗਏ, ਬੀਬੀਆਂ ਦੀ ਪੱਤ ਰੋਲੀ ਗਈ, ਸਿੱਖਾਂ ਨੂੰ ਝੂਠੇ ਪੁਲੀਸ ਮੁਕਾਬਲਿਆਂ 'ਚ ਮਾਰਿਆ ਜਾਣ ਲੱਗਾ ਤਾਂ ਜਿੱਥੇ ਸਿੱਖ ਕੌਮ ਦੇ ਜੁਝਾਰੂ-ਸੂਰਮਿਆਂ ਨੇ ਇੱਕ ਦਹਾਕਾ ਹਕੂਮਤ ਨੂੰ ਵਖ਼ਤ ਪਾਈ ਰੱਖਿਆ, ਦਿੱਲੀ ਦਰਬਾਰ ਦੇ ਕਿੰਗਰੇ ਹਿਲ਼ਾ ਕੇ ਰੱਖ ਦਿੱਤੇ, ਪੰਜਾਬ ਦਾ ਮੈਦਾਨੀ ਇਲਾਕਾ ਹੋਣ ਦੇ ਬਾਵਜੂਦ ਵੀ ਲੰਮੀ ਜੰਗ ਲੜੀ ਤੇ ਇੱਕ ਨਵੇਂ ਇਤਿਹਾਸ ਨੂੰ ਜਨਮ ਦਿੱਤਾ। ਤੇ ਉਹਨਾਂ ਸਮਿਆਂ ਦੌਰਾਨ ਹੀ ਕਾਫ਼ੀ ਸਿੱਖਾਂ ਨੂੰ ਆਪਣਾ ਘਰ-ਪਰਿਵਾਰ ਅਤੇ ਦੇਸ ਪੰਜਾਬ ਤਿਆਗਣਾ ਵੀ ਪਿਆ।

ਉਹਨਾਂ ਜੁਝਾਰੂ ਅਤੇ ਅਣਖ਼ੀਲੇ ਸਿੱਖਾਂ ਨੇ ਡਰ ਕੇ ਪੰਜਾਬ ਨਹੀਂ ਛੱਡਿਆ, ਉਹ ਝੁਕੇ-ਲਿਫ਼ੇ ਨਹੀਂ ਸਨ। ਉਹਨਾਂ ਨੇ ਆਪਣੀ ਤਾਕਤ ਅਤੇ ਸਮਰੱਥਾ ਤੋਂ ਵੱਧ ਕੇ ਸਰਕਾਰ ਨਾਲ਼ ਟੱਕਰ ਲਈ। ਤਾਂ ਹੀ ਉਹਨਾਂ ਸਿੰਘਾਂ ਦੇ ਖ਼ੌਫ਼ ਤੋਂ ਹਿੰਦ ਸਰਕਾਰ ਅੱਜ ਵੀ ਥਰ-ਥਰ ਕੰਬਦੀ ਹੈ। ਵਿਦੇਸ਼ਾਂ ਵਿੱਚ ਜਾ ਕੇ ਵੀ ਉਹ ਸਿੱਖ ਚੈਨ ਨਾਲ ਨਹੀਂ ਬੈਠੇ, ਉਹਨਾਂ ਨੇ ਆਪਣੇ ਪੰਥ ਅਤੇ ਪੰਜਾਬ ਨੂੰ ਵਿਸਾਰਿਆ ਨਹੀਂ, ਉਹਨਾਂ ਨੇ ਖ਼ਾਲਿਸਤਾਨ ਦੇ ਸੰਘਰਸ਼ ਤੋਂ ਮੂੰਹ ਨਹੀਂ ਮੋੜਿਆ, ਉਹ ਓਥੇ ਰਹਿ ਕੇ ਜੋ ਕਰ ਸਕਦੇ ਸਨ ਉਹਨਾਂ ਕੀਤਾ। ਅਜਿਹੇ ਸਿੱਖਾਂ ਤੋਂ ਵਾਰੇ-ਵਾਰੇ ਜਾਣ ਨੂੰ ਦਿਲ ਕਰਦਾ ਹੈ।

ਬਥੇਰੇ ਲੋਕ ਅਜਿਹੇ ਵੀ ਹਨ ਜੋ ਵਿਦੇਸ਼ਾਂ ਵਿੱਚ ਜਾ ਕੇ ਆਪਣੇ ਧਰਮ, ਬੋਲੀ, ਸੱਭਿਆਚਾਰ, ਪਹਿਰਾਵੇ ਅਤੇ ਮਿੱਟੀ ਤੋਂ ਦੂਰ ਹੋ ਜਾਂਦੇ ਹਨ ਪਰ ਧੰਨ ਹਨ ਉਹ ਸਿੰਘ-ਸੂਰਮੇ, ਜਿਨ੍ਹਾਂ ਨੇ ਵਿਦੇਸ਼ਾਂ ਵਿੱਚ ਜਾ ਕੇ ਵੀ ਆਪਣੇ ਸਿੱਖ ਧਰਮ ਨੂੰ ਪ੍ਰਫੁੱਲਤ ਕੀਤਾ, ਖ਼ਾਲਿਸਤਾਨ ਦੇ ਸੰਘਰਸ਼ ਨੂੰ ਬੁਲੰਦੀਆਂ 'ਤੇ ਪਹੁੰਚਾਇਆ, ਸ਼ਹੀਦਾਂ ਦੀ ਬਾਤ ਪਾਈ, ਮਨੁੱਖੀ ਹੱਕਾਂ ਲਈ ਜ਼ੋਰਦਾਰ ਆਵਾਜ਼ ਉਠਾਈ, ਸਰਬੱਤ ਦੇ ਭਲੇ ਦੇ ਉਪਦੇਸ਼ ਨੂੰ ਕਮਾਇਆ। ਜਿਸ ਤੋਂ ਪ੍ਰਭਾਵਿਤ ਹੋ ਕੇ ਸੰਸਾਰ ਭਰ ਦੇ ਲੋਕ ਕਹਿਣ ਲਗ ਪਏ ਹਨ ਕਿ ਸਿੱਖ ਮਹਾਨ ਹਨ, ਸਿੱਖ ਇਮਾਨਦਾਰ ਹਨ, ਸਿੱਖਾਂ ਨਾਲ਼ ਭਾਰਤ 'ਚ ਅਨਿਆਂ ਹੋ ਰਿਹਾ ਹੈ, ਸਿੱਖ ਗ਼ੁਲਾਮ ਹਨ, ਸਿੱਖ ਬਾਗ਼ੀ ਹਨ, ਸਿੱਖਾਂ ਦਾ ਖ਼ਾਲਿਸਤਾਨ ਲਈ ਸੰਘਰਸ਼ ਜਾਇਜ਼ ਹੈ, ਅਜ਼ਾਦੀ ਦੀ ਗੱਲ ਕਰਨਾ ਸਿੱਖਾਂ ਦਾ ਹੱਕ ਹੈ।

ਪੰਥ ਅਤੇ ਪੰਜਾਬ ਦਾ ਜਦੋਂ ਵੀ ਕੋਈ ਸੰਘਰਸ਼ ਚੱਲਦਾ ਹੈ, ਮੋਰਚਾ ਲੱਗਦਾ ਹੈ, ਮੁੱਦਾ ਭਖ਼ਦਾ ਹੈ ਤਾਂ ਵਿਦੇਸ਼ਾਂ 'ਚ ਵੱਸਦੇ ਸਿੱਖ ਹਰ ਪੱਖ ਤੋਂ ਸ਼ਾਨਦਾਰ ਰੋਲ ਅਦਾ ਕਰਦੇ ਹਨ। ਵਿਦੇਸ਼ਾਂ ਦੇ ਸਿੱਖਾਂ ਨੇ ਕਦੇ ਵੀ ਪੰਥ ਅਤੇ ਪੰਜਾਬ ਨੂੰ ਇਕੱਲਾ ਨਹੀਂ ਛੱਡਿਆ। ਉਹ ਵੀ ਜਾਣਦੇ ਹਨ ਕਿ ਸਾਡੀ ਵੀ ਸ਼ਾਨ ਪੰਥ ਅਤੇ ਪੰਜਾਬ ਕਰਕੇ ਹੈ ਤੇ ਪੰਜਾਬ ਜਿਉਂਦਾ ਰਹੇਗਾ ਤਾਂ ਸਾਡਾ ਵੀ ਮਾਣ ਬਰਕਰਾਰ ਰਹੇਗਾ। ਇਸ ਲਈ ਪੰਥ ਅਤੇ ਪੰਜਾਬ ਦੀ ਹੋਂਦ ਨਾਲ ਹੀ ਸਾਡੀ ਸਭ ਦੀ ਹੋਂਦ ਹੈ। ਸਰਕਾਰਾਂ ਪੰਥ ਅਤੇ ਪੰਜਾਬ ਨੂੰ ਬਰਬਾਦ ਕਰਨਾ ਚਾਹੁੰਦੀਆਂ ਨੇ, ਸਿੱਖਾਂ ਨੂੰ ਪੰਜਾਬ ਬਚਾਉਣਾ ਪਏਗਾ, ਸਾਨੂੰ ਸੰਘਰਸ਼ ਲੜਨਾ ਪਏਗਾ। ਪੰਜਾਬ ਲਈ ਹਰੇਕ ਸਿੱਖ ਅਤੇ ਪੰਜਾਬੀ ਨੂੰ ਚਿੰਤਤ ਅਤੇ ਸੰਘਰਸ਼ਸ਼ੀਲ ਹੋਣ ਦੀ ਲੋੜ ਹੈ। ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਇੱਕ ਦਿਨ ਖ਼ਾਲਿਸਤਾਨ ਬਣੇਗਾ।

ਮੈਂ ਸਮਝਦਾ ਹਾਂ ਕਿ ਵਿਦੇਸ਼ ਜਾਣਾ ਕੋਈ ਮਾੜੀ ਗੱਲ ਨਹੀਂ। ਪਰ ਆਪਣੇ ਪੰਥ ਅਤੇ ਪੰਜਾਬ ਨੂੰ ਭੁੱਲ ਜਾਣਾ ਤਾਂ ਤਬਾਹੀ ਹੈ। ਵਿਦੇਸ਼ ਜਾਣਾ, ਘੁੰਮਣਾ-ਫਿਰਨਾ, ਕਾਰੋਬਾਰ ਵਧਾਉਣਾ ਅਤੇ ਆਰਥਿਕ ਤੌਰ 'ਤੇ ਮਜਬੂਤ ਹੋਣਾ ਤੇ ਫਿਰ ਕੁਝ ਸਾਲਾਂ ਬਾਅਦ ਵਾਪਸ ਮੁੜ ਆਉਣ ਵਿੱਚ ਤਾਂ ਸਾਡੀ ਭਲਾਈ ਹੈ। ਅਸੀਂ ਆਪਣੇ ਮੂਲ ਅਤੇ ਜੜ੍ਹਾਂ ਤੋਂ ਨਾ ਟੁੱਟੀਏ। ਵਿਦੇਸ਼ ਜਾਣ ਦੀ ਦੌੜ ਵਿੱਚ ਕਈ ਨੌਜਵਾਨ ਬੇਵਜ੍ਹਾ ਪੰਜਾਬ ਨੂੰ ਨਿੰਦ-ਭੰਡ ਰਹੇ ਹਨ, ਜਦ ਕਿ ਪੰਜਾਬ ਦਾਤਾ ਹੈ, ਪੰਜਾਬ 'ਚ ਬਹੁਤ ਕੁਝ ਕਰਨ ਵਾਲ਼ਾ ਹੈ, ਇਹ ਸਾਡੇ ਪੁਰਖ਼ਿਆਂ ਦੀ ਧਰਤੀ ਹੈ, ਸਾਨੂੰ ਚਾਹੀਦਾ ਹੈ ਕਿ ਪੰਜਾਬ 'ਚ ਰਹਿ ਕੇ ਆਪਣੇ ਕਾਰੋਬਾਰ ਚਲਾਉਣ ਦੀ ਕੋਸ਼ਿਸ਼ ਕਰੀਏ।

ਹਿੰਦ ਹਕੂਮਤ ਸਾਨੂੰ ਸਿੱਖੀ ਤੋਂ ਬਾਗ਼ੀ ਕਰਨਾ ਚਾਹੁੰਦੀ ਹੈ, ਸਾਨੂੰ ਪੰਜਾਬ ਦੀ ਧਰਤੀ ਤੋਂ ਦੂਰ ਕਰਨਾ ਚਾਹੁੰਦੀ ਹੈ, ਇਹ ਪੰਜਾਬ ਸਾਡਾ ਹੈ, ਅਸੀਂ ਸੰਘਰਸ਼ ਕੀਤੇ ਹਨ, ਖ਼ੂਨ ਡੋਲ੍ਹਿਆ ਹੈ, ਹੁਣ ਇਸ ਨੂੰ ਗ਼ੈਰਾਂ ਦੇ ਹੱਥ ਕਿਉਂ ਦਿੰਦੇ ਜਾ ਰਹੇ ਹਾਂ। ਸਿੱਖੋ! ਹਕੂਮਤੀ ਜਾਲ 'ਚ ਨਾ ਫਸੋ, ਪੰਜਾਬ ਵਿਰੋਧੀ ਬਿਰਤਾਂਤ ਨੂੰ ਤੋੜਨ ਦੀ ਲੋੜ ਹੈ। ਪੰਜਾਬ ਲਈ ਜੂਝਣ ਵਾਲੇ ਅਤੇ ਆਵਾਜ਼ ਬੁਲੰਦ ਕਰਨ ਵਾਲੇ ਸਭਨਾਂ ਵੀਰਾਂ-ਭੈਣਾਂ ਦਾ ਧੰਨਵਾਦ ਹੈ। ਇਹ ਓਹੀ ਪੰਜਾਬ ਹੈ ਜਦ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਖ਼ਾਲਸਾ ਰਾਜ ਸਥਾਪਿਤ ਕੀਤਾ ਸੀ ਤਾਂ ਗੋਰੇ ਵੀ ਇੱਥੇ ਨੌਕਰੀਆਂ ਕਰਨ ਆਉਂਦੇ ਸਨ, ਪੰਜਾਬ ਐਨਾ ਅਮੀਰ ਤੇ ਖ਼ੁਸ਼ਹਾਲ ਸੀ। ਦੇਸ ਪੰਜਾਬ ਜ਼ਿੰਦਾਬਾਦ!

* * * *



– ਰਣਜੀਤ ਸਿੰਘ ਦਮਦਮੀ ਟਕਸਾਲ
(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)

# ਨਵੰਬਰ 1984 'ਚ ਹਿੰਦੂਤਵੀਆਂ ਵੱਲੋਂ ਗਵਾਲੀਅਰ ਗੁਰਦੁਆਰੇ 'ਤੇ ਕਬਜਾ, ਮੱਧ ਪ੍ਰਦੇਸ਼ 'ਚ ਪਾਵਨ ਸਰੂਪਾਂ ਤੇ ਹਜ਼ਾਰਾਂ ਸਿੱਖਾਂ ਨੂੰ ਸਾੜਿਆ

ਮੱਧ ਪ੍ਰਦੇਸ਼ 'ਚ ਪੈਂਦੇ ਗਵਾਲੀਅਰ ਦੇ ਕਿਲ੍ਹੇ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੈਦ ਰਹੇ ਤੇ ਇੱਥੋਂ ਹੀ ਗੁਰੂ ਜੀ ਨੇ 52 ਹਿੰਦੂ ਰਾਜਿਆਂ ਨੂੰ ਰਿਹਾਅ ਕਰਵਾਇਆ ਸੀ। ਇੱਥੇ ਕਿਲ੍ਹੇ ਅੰਦਰ ਗੁਰਦੁਆਰਾ ਦਾਤਾ ਬੰਦੀ ਛੋੜ ਤੋਂ ਇਲਾਵਾ ਗੁਰਦੁਆਰਾ ਪਊਆ ਸਾਹਿਬ ਵੀ ਮੌਜੂਦ ਹੈ। ਪਊਆ ਤੋਂ ਭਾਵ ਕਿ ਪੈਰਾਂ ਵਿੱਚ ਪਹਿਨਿਆ ਜਾਣ ਵਾਲ਼ਾ ਜੋੜਾ। ਇੱਥੇ ਸਤਿਗੁਰਾਂ ਦਾ ਜੋੜਾ (ਪਊਆ) ਨਿਸ਼ਾਨੀ ਵਜੋਂ ਸੰਭਾਲਿਆ ਸੀ। ਨਵੰਬਰ 1984 ਦੌਰਾਨ ਹਿੰਦੂ ਭੀੜਾਂ ਨੇ ਗੁਰਦੁਆਰਾ ਪਊਆ ਸਾਹਿਬ ਨੂੰ ਵੀ ਅੱਗ ਲਾ ਦਿੱਤੀ ਤੇ ਉਸ ਦੌਰਾਨ ਇੱਕ ਜੋੜਾ ਸੜ ਗਿਆ, ਦੂਜਾ ਕਿਸੇ ਤਰ੍ਹਾਂ ਬਚ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 15 ਪਾਵਨ ਸਰੂਪਾਂ ਨੂੰ ਵੀ ਹਿੰਦੂਆਂ ਨੇ ਅੱਗ ਲਾ ਦਿੱਤੀ। ਭਾਈ ਸੁਖਚੈਨ ਸਿੰਘ ਗ੍ਰੰਥੀ ਤੇ ਭਾਈ ਹਰੀ ਸਿੰਘ ਨੂੰ ਵੀ ਜਿਉਂਦਿਆਂ ਨੂੰ ਸਾੜਿਆ ਗਿਆ।

ਓਦੋਂ ਹੀ ਕਈ ਹੋਰ ਗੁਰਦੁਆਰੇ ਵੀ ਸਾੜੇ ਤੇ ਗਵਾਲੀਅਰ ਦੇ 'ਗੁਰਦੁਆਰਾ ਭਾਈ ਹਰਿਦਾਸ ਜੀ' ਨੂੰ 'ਸ੍ਰੀ ਕਾਲੀ ਦੇਵੀ ਭੈਰਉ ਜੀ ਮੰਦਰ' ਵਿੱਚ ਬਦਲ ਦਿੱਤਾ ਗਿਆ ਤੇ ਓਥੋਂ ਦੇ ਸੇਵਾਦਾਰ ਨੂੰ ਕਤਲ ਕੀਤਾ ਗਿਆ। ਇਤਿਹਾਸ ਅਨੁਸਾਰ ਕਾਲੀ ਦੇਵੀ ਭਗਤ ਹਰੀ ਰਾਮ ਉਰਫ਼ 'ਹਰਿਦਾਸ' ਗਵਾਲੀਅਰ ਦੇ ਕਿਲ੍ਹੇ ਦਾ ਦਾਰੋਗਾ ਸੀ, ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਮਦ੍ਰਿਸ਼ਟੀ, ਸੂਰਬੀਰਤਾ ਤੇ ਸਚਿਆਰੇ ਕਿਰਦਾਰ ਤੋਂ ਪ੍ਰਭਾਵਤ ਹੋ ਕੇ ਗੁਰਸਿੱਖ ਬਣ ਗਿਆ। ਉਸ ਨੇ ਆਪਣੇ ਘਰ ਵਿਚਲੀ ਕਾਲੀ ਦੇਵੀ ਦੀ ਮੂਰਤੀ ਨੂੰ ਪੂਜਾ ਸਥਲ ਤੋਂ ਚੁੱਕ ਕੇ ਸੁੱਟਣ ਦੀ ਥਾਂ ਉਸ ਨੂੰ ਬੁੱਤ ਤਰਾਸ਼ੀ ਦੀ ਇੱਕ ਵਧੀਆ ਕਲਾਕ੍ਰਿਤੀ ਜਾਣਦਿਆਂ ਦੀਵਾਰ ਵਿੱਚ ਚਿਣ ਦਿੱਤਾ ਸੀ। ਜਦੋਂ ਛੇਵੇਂ ਸਤਿਗੁਰੂ 52 ਹਿੰਦੂ ਰਾਜਿਆਂ ਸਮੇਤ ਕਿਲ੍ਹੇ 'ਚੋਂ ਰਿਹਾਅ ਹੋ ਕੇ 'ਬੰਦੀ ਛੋੜ ਦਾਤਾ' ਅਖਵਾਏ, ਉਸ ਰਾਤ ਨੂੰ ਉਹ ਭਾਈ ਹਰਿਦਾਸ ਦੇ ਘਰ ਹੀ ਠਹਿਰੇ ਤੇ ਉਸ ਨੇ ਖ਼ੁਸ਼ੀ ਵਿੱਚ ਦੀਪਮਾਲਾ ਵੀ ਕੀਤੀ। ਇਸ ਤਰ੍ਹਾਂ ਭਾਈ ਹਰਿਦਾਸ ਦਾ ਇਤਿਹਾਸਕ ਘਰ ਗੁਰਦੁਆਰੇ ਵਿੱਚ ਬਦਲ ਗਿਆ।

ਭਾਈ ਸੰਤ ਸਿੰਘ ਮਸਕੀਨ ਦੇ ਸਾਥੀ ਗਿਆਨੀ ਹਰਿੰਦਰ ਸਿੰਘ ਅਲਵਰ ਤੇ ਹੋਰ ਕਈ ਗੁਰਮਤਿ ਪ੍ਰਚਾਰਕ ਇਸ ਅਸਥਾਨ ਵਿਖੇ ਗੁਰਬਾਣੀ ਵਿਚਾਰ ਵੀ ਕਰਦੇ ਰਹੇ। ਸੰਨ 1984 ਦੇ ਸਾਕੇ ਵੇਲੇ ਬਾਬਾ ਸੇਵਾ ਸਿੰਘ ਖਡੂਰ ਵਾਲ਼ਿਆਂ ਦਾ ਇੱਕ ਸਿੰਘ ਉਸ ਅਸਥਾਨ ਦੀ ਸੇਵਾ-ਸੰਭਾਲ ਕਰ ਰਿਹਾ ਸੀ, ਜਿਨ੍ਹਾਂ ਨੇ ਗੁਰਦੁਆਰੇ ਦੀ ਕਾਰ-ਸੇਵਾ ਕਰਦਿਆਂ ਪਿਛਵਾੜੇ ਦੀ ਥਾਂ ਖਰੀਦ ਕੇ ਚਾਰ ਦੀਵਾਰੀ ਵੀ ਕੀਤੀ ਹੋਈ ਸੀ। ਪਰ ਹਿੰਦੂ ਖ਼ਰੂਦੀਆਂ ਨੇ ਉਸ ਸੇਵਾਦਾਰ ਦਾ ਕਤਲ ਕਰਕੇ ਗੁਰਦੁਆਰੇ ਦੇ ਗੇਟ ਤੇ 'ਸ੍ਰੀ ਕਾਲੀ ਦੇਵੀ ਭੈਰਉ ਜੀ ਮੰਦਰ' ਲਿਖ ਦਿੱਤਾ। ਬਾਬਾ ਸੇਵਾ ਸਿੰਘ ਹੁਰਾਂ ਨੇ ਇਸ ਨਜਾਇਜ਼ ਕਬਜੇ ਪ੍ਰਤੀ ਕਈ ਸਾਲ ਕਨੂੰਨੀ ਲੜਾਈ ਵੀ ਲੜੀ ਅਤੇ ਕੇਂਦਰ ਦੇ ਸਿੱਖ ਮੰਤਰੀਆਂ ਤੱਕ ਪਹੁੰਚ ਵੀ ਕੀਤੀ, ਪ੍ਰੰਤੂ ਕਿਸੇ ਨੇ ਨਹੀਂ ਸੁਣੀ।

ਭਾਰਤ ਦੇ ਸੂਬੇ ਮੱਧ ਪ੍ਰਦੇਸ਼ ਵਿੱਚ ਗਵਾਲੀਅਰ, ਭੋਪਾਲ, ਇੰਦੌਰ, ਝਾਂਸੀ, ਸਿਡੋਲ, ਸਾਗਰ, ਗੈਰਤਗੰਜ, ਮਨਿੰਦਗੜ੍ਹ, ਜਬਲਪੁਰ, ਅਮਲਾਈ, ਅਮਰੀਕਾ ਕੋਰਬਾ, ਰਾਏਪੁਰ, ਰਾਂਚੀ, ਖੁਰਈ, ਦਮੋਹ, ਬੀਨਾ, ਮੰਡਲਾ, ਧੌਲਪੁਰ, ਮੁਰੈਨਾ, ਖੁਰਜਾ, ਸ਼ਿਵਪੁਰੀ, ਮੋਹਨ ਕਸਬਾ, ਬਾੜੋਲੀ ਆਦਿ ਥਾਂਵਾਂ 'ਤੇ ਸਿੱਖਾਂ ਦਾ ਭਾਰੀ ਕਤਲੇਆਮ ਹੋਇਆ। ਉਸ ਸਮੇਂ ਇੱਥੇ ਕਾਂਗਰਸ ਦੀ ਸਰਕਾਰ ਸੀ ਤੇ ਭਾਰਤੀ ਸਟੇਟ ਨੇ ਖੁੱਲ੍ਹ ਕੇ ਸਿੱਖਾਂ ਦਾ ਕਤਲੇਆਮ ਕੀਤਾ। ਹਿੰਦੂਆਂ ਨੇ ਵਹਿਸ਼ੀ ਦਰਿੰਦਗੀ ਦਾ ਨਾਚ ਨੱਚਿਆ। ਭਾਜਪਾ ਅਤੇ ਆਰ. ਐਸ.ਐਸ. ਦੇ ਟੋਲਿਆਂ ਨੇ ਵੀ ਘੱਟ ਨਾ ਕੀਤੀ। ਹਰ ਹਿੰਦੂ ਨੇ ਸਿੱਖਾਂ ਨਾਲ ਵੈਰ ਕੱਢਿਆ ਤੇ ਗੁਰਦੁਆਰੇ ਵੀ ਸਾੜ ਦਿੱਤੇ।




ਗਵਾਲੀਅਰ ਦੇ ਗੁਰਦੁਆਰਾ ਭਾਈ ਹਰਿਦਾਸ ਜੀ ਨੂੰ ਸ੍ਰੀ ਕਾਲੀ ਦੇਵੀ ਭੈਰੋਂ ਜੀ ਮੰਦਿਰ ਵਿੱਚ ਬਦਲ ਦਿੱਤਾ ਗਿਆ ਹੈ

ਮੱਧ ਪ੍ਰਦੇਸ਼ ਦੇ ਜ਼ਿਲ੍ਹਾ ਦੇਬਸ ਦੇ ਬੜੋਲੀ ਪਿੰਡ ਦੇ ਗੁਰਦੁਆਰਾ ਸਾਹਿਬ ਨੂੰ ਹਿੰਦੂਆਂ ਨੇ ਘੇਰਾ ਪਾ ਲਿਆ ਤੇ ਅਕ੍ਰਿਤਘਣਤਾ ਦਾ ਸਬੂਤ ਦਿੱਤਾ। ਇਸ ਭੀੜ ਵਿੱਚ ਬਾੜੋਲੀ, ਬੈਰਾਂਗੜ, ਬਾਮਰ ਤੇ ਹੋਰ ਪਿੰਡਾਂ ਦੇ ਹਿੰਦੂ ਸਨ। ਉਹਨਾਂ ਨੇ ਗੁਰਦੁਆਰਾ ਸਾਹਿਬ ਦੇ ਸੋਨੇ ਦੇ ਛਤਰ, ਗੋਲਕ, ਲੰਗਰ ਘਰ ਸਮੇਤ ਹੋਰ ਵਸਤਾਂ ਨੂੰ ਲੁੱਟ ਲਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਕੀਤੀ ਤੇ ਫਿਰ ਗੁਰਦੁਆਰਾ ਸਾਹਿਬ ਨੂੰ ਅੱਗ ਲਾ ਦਿੱਤੀ। ਹਿੰਦੂਆਂ ਨੂੰ ਸਿੱਖੀ ਦੇ ਨਿਸ਼ਾਨਾਂ ਤੋਂ ਐਨੀ ਨਫ਼ਰਤ ਸੀ ਕਿ ਉਹਨਾਂ ਨੇ ਗੁਰਦੁਆਰਾ ਸਾਹਿਬ ਦਾ ਨਿਸ਼ਾਨ ਸਾਹਿਬ ਵੀ ਪੁੱਟ ਦਿੱਤਾ ਅਤੇ ਸਿੱਖਾਂ ਦੇ ਕੇਸ ਕਤਲ ਕਰਕੇ ਉਹਨਾਂ ਨੂੰ ਪਿੰਡ 'ਚ ਘੁਮਾਇਆ ਗਿਆ ਤੇ ਫਿਰ ਬੁਰੇ ਤਰੀਕੇ ਨਾਲ਼ ਕੋਹ-ਕੋਹ ਕੇ ਮਾਰਿਆ ਗਿਆ। ਇਸ ਪਿੰਡ ਵਿੱਚ ਸਿੱਖਾਂ ਦੇ ਕੁਝ ਕੁ ਘਰ ਹੀ ਸਨ, ਹਿੰਦੂਆਂ ਵੱਲੋਂ ਉਹਨਾਂ ਨੂੰ ਪਹਿਲਾਂ ਲੁੱਟਿਆ ਗਿਆ, ਬੀਬੀਆਂ ਦੀ ਪੱਤ ਰੋਲੀ ਗਈ ਤੇ ਫਿਰ ਸਿੱਖਾਂ ਨੂੰ ਜਿਉਂਦਿਆਂ ਨੂੰ ਸਾੜਿਆ ਗਿਆ।

ਭੋਪਾਲ ਦੇ ਨਾਲ ਲੱਗਦੇ ਜ਼ਿਲ੍ਹਾ ਰਾਏਸੇਨ ਵਿੱਚ ਜਦੋਂ ਸਿੱਖਾਂ ਨੂੰ ਕਤਲ ਕੀਤਾ ਜਾ ਰਿਹਾ ਸੀ ਤਾਂ ਇੱਕ ਸਿੱਖ ਨੇ ਇਹਨਾਂ ਹਿੰਦੂਆਂ ਦਾ ਮੁਕਾਬਲਾ ਕੀਤਾ ਤੇ ਗੋਲ਼ੀ ਚਲਾ ਕੇ ਦੋ ਦੰਗਾਕਾਰੀ ਮਾਰ ਸੁੱਟੇ। ਇਸ ਘਟਨਾ ਨਾਲ ਹਿੰਦੂਆਂ ਦੀ ਭੀੜ ਵਿੱਚ ਭਗਦੜ ਮੱਚ ਗਈ ਤੇ ਉਹਨਾਂ ਦੀ ਹਿੰਮਤ ਨਾ ਪਈ ਕਿ ਉਹ ਇਸ ਸਿੱਖ ਨਾਲ਼ ਮੁਕਾਬਲਾ ਕਰ ਸਕਣ ਤੇ ਫਿਰ ਉਸ ਸਿੱਖ ਪਰਿਵਾਰ ਨੂੰ ਕਤਲ ਕਰਨ ਲਈ ਹਿੰਦੂਆਂ ਦੀ ਅਗਵਾਈ ਪੁਲਿਸ ਨੇ ਕੀਤੀ। ਪੁਲਿਸ ਨੇੜਲੇ ਘਰਾਂ ਦੀਆਂ ਛੱਤਾਂ 'ਤੇ ਚੜ੍ਹ ਗਈ ਤੇ ਉਸ ਸਿੱਖ ਪਰਿਵਾਰ ਨੂੰ ਹੱਥ ਖੜ੍ਹੇ ਕਰਕੇ ਬਾਹਰ ਆਉਣ ਲਈ ਕਿਹਾ। ਪਰ ਉਹ ਪਰਿਵਾਰ ਸਮਝ ਚੁੱਕਾ ਸੀ ਕਿ ਪੁਲਿਸ ਵੀ ਇਹਨਾਂ ਨਾਲ਼ ਰਲੀ ਹੋਈ ਹੈ ਤੇ ਇੱਕ ਗਿਣੀ-ਮਿਥੀ ਸਾਜ਼ਿਸ਼ ਤਹਿਤ ਭਾਰਤੀ ਸਟੇਟ ਵੱਲੋਂ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਸ ਪਰਿਵਾਰ ਨੇ ਇਕੱਠੇ ਹੋ ਕੇ ਪੁਲਿਸ ਦੀਆਂ ਧਾੜਾਂ ਨਾਲ਼ ਮੁਕਾਬਲਾ ਕੀਤਾ। ਜਦੋਂ ਹੋਰ ਕੋਈ ਰਾਹ ਨਾ ਬਚਿਆ ਤਾਂ ਪਰਿਵਾਰ ਦੇ ਸਿੱਖ ਸਰਦਾਰ ਨੇ ਪਹਿਲਾਂ ਆਪਣੇ ਚਾਰ ਮੈਂਬਰਾਂ ਨੂੰ ਗੋਲ਼ੀ ਮਾਰੀ ਤੇ ਫਿਰ ਖ਼ੁਦ ਨੂੰ ਵੀ ਗੋਲ਼ੀ ਮਾਰ ਕੇ ਖ਼ਤਮ ਕਰ ਲਿਆ ਪਰ ਉਹ ਹਿੰਦੂ-ਗੁੰਡਿਆਂ ਤੇ ਹਿੰਦੂ-ਪੁਲਿਸ ਦੇ ਹੱਥ ਨਾ ਆਏ।

ਭੋਪਾਲ ਦੇ ਗੈਰਤਗੰਜ ਵਿੱਚ ਇੱਕ ਸਿੰਘ ਨੇ ਆਪਣੇ ਲਾਇਸੰਸੀ ਰਿਵਾਲਵਰ ਨਾਲ਼ ਹਿੰਦੂ ਭੀੜਾਂ ਦਾ ਡਟ ਕੇ ਮੁਕਾਬਲਾ ਕੀਤਾ ਤੇ ਕਈ ਦੁਸ਼ਟ ਗੱਡੀ ਚਾੜ੍ਹ ਦਿੱਤੇ। ਪਰ ਜਦ ਕਾਰਤੂਸ ਖ਼ਤਮ ਹੋ ਗਏ ਤਾਂ ਉਹ ਸਿੰਘ ਨਿਹੱਥਾ ਹੋ ਗਿਆ ਤੇ ਕਾਤਲ ਭੀੜ ਨੇ ਉਸ ਨੂੰ ਘੇਰ ਕੇ ਕਾਬੂ ਕਰ ਲਿਆ ਤੇ ਘਰ ਦੇ ਸਾਰੇ ਜੀਆਂ ਸਮੇਤ ਉਹਨਾਂ ਨੂੰ ਅੱਗ ਲਾ ਕੇ ਸਾੜ ਦਿੱਤਾ।

ਰਾਂਚੀ ਵਿੱਚ ਮਸਤਾਨਾ ਹੋਟਲ ਦੇ ਸਰਦਾਰ ਮਾਲਕ ਨੂੰ ਉਸ ਦੇ ਹੋਟਲ ਸਮੇਤ ਅੱਗ ਲਾ ਦਿੱਤੀ ਗਈ। ਸ਼ਿਵਪੁਰੀ ਵਿੱਚ ਗੁਰਦੁਆਰਾ ਸਾਹਿਬ ਦੇ ਸਕੱਤਰ ਜਰਨੈਲ ਸਿੰਘ ਅਤੇ ਉਸ ਦੀ ਕੋਠੀ ਨੂੰ ਅੱਗ ਲਗਾਈ ਗਈ। ਬੁਲੰਦ ਸ਼ਹਿਰ ਵਿੱਚ ਕਣਕ ਦੀ ਗਹਾਈ ਦੀਆਂ ਮਸ਼ੀਨਾਂ ਬਣਾਉਣ ਵਾਲ਼ੇ ਦੋ ਸਕੇ ਸਿੱਖ ਭਰਾਵਾਂ ਨੂੰ ਪੁਲਿਸ ਲੈ ਗਈ ਤੇ ਬਾਅਦ ਵਿੱਚ ਉਹਨਾਂ ਦਾ ਕਤਲ ਕਰ ਦਿੱਤਾ। ਰੋਜਾਬਾਦ ਵਿੱਚ ਗੁਰਦੁਆਰਾ ਸਾਹਿਬ ਨੂੰ ਸਾੜਿਆ ਗਿਆ ਅਤੇ ਨਾਲ਼ ਹੀ ਹਜ਼ਾਰਾਂ ਸਿੰਘ ਨਾਂ ਦੇ ਇੱਕ ਸਿੱਖ ਨੂੰ ਵੀ ਅੱਗ ਲਾਈ ਗਈ।

"ਜਿੱਥੋਂ ਤਕ ਛਾਂ ਦਿੱਲੀ ਤਖ਼ਤ ਦੀ,
ਅੱਗਾਂ ਹੀ ਅੱਗਾਂ।
ਚੌਂਕ ਚੁਰਾਹੇ ਸੜਦੀਆਂ,
ਸਿੱਖਾਂ ਦੀਆਂ ਪੱਗਾਂ ਹੀ ਪੱਗਾਂ।

* * * *



– ਡਾਕਟਰ ਸੁਰਜੀਤ ਸਿੰਘ ਜਰਮਨੀ
ਸਹਾਇਕ ਸੰਪਾਦਕ 'ਪੰਜਆਬ' ਮੈਗਜ਼ੀਨ
(President IPCC Germany)
Buro Chief Germany (ਪੰਜਾਬ ਹੈੱਡਲਾਈਨਜ਼)

# ਬਦੀ ਦਾ ਅੰਤ

31 ਅਕਤੂਬਰ ਦਾ ਦਿਨ ਯੂਰਪ ਵਿੱਚ ਮੰਨਦੇ ਹਨ ਕਿ ਇਸ ਦਿਨ ਮਰੇ ਹੋਏ ਲੋਕਾਂ ਦੀਆਂ ਰੂਹਾਂ ਆਪਣੇ ਘਰਾਂ ਨੂੰ ਵਾਪਸ ਆ ਜਾਂਦੀਆਂ ਹਨ। ਇਸ ਲਈ ਲੋਕ ਭੂਤਾਂ ਵਰਗੇ ਪਹਿਰਾਵੇ ਪਹਿਨਦੇ ਹਨ। ਤੇ ਆਤਮਾਵਾਂ ਨੂੰ ਦੂਰ ਕਰਨ ਲਈ ਅੱਗ ਬਾਲ਼ਦੇ ਹਨ।

ਭਾਰਤ ਵਿੱਚ ਆਤਮਾਵਾਂ ਦੀ ਮੁਕਤੀ ਲਈ ਸਿੱਖ ਤੇ ਹਿੰਦੂ ਧਰਮ ਦੀਆਂ ਆਪਣੀਆਂ-ਆਪਣੀਆਂ ਵਿਧੀਆਂ ਹਨ। ਪਰ ਕਈ ਵਾਰੀ ਕੁਝ ਕੁ ਆਤਮਾਵਾਂ ਦੀ ਮੁਕਤੀ ਨਹੀਂ ਹੁੰਦੀ ਤੇ ਖ਼ਾਸ ਕਰਕੇ ਕਈ ਬਹੁਤ ਹੀ ਕਰੂਰ ਤੇ ਵਹਿਸ਼ੀ ਆਤਮਾਵਾਂ ਜਿਨ੍ਹਾਂ ਵਿੱਚੋਂ ਇੱਕ ਆਤਮਾ 19 ਨਵੰਬਰ 1917 ਨੂੰ ਭਾਰਤ ਦੀ ਧਰਤੀ 'ਤੇ ਇੰਦਰਾ ਗਾਂਧੀ ਦੇ ਰੂਪ ਵਿੱਚ ਆਈ। ਇਹੋ ਜਿਹੀਆਂ ਆਤਮਾਵਾਂ ਭਟਕਦੀਆਂ-ਭਟਕਾਉਂਦੀਆਂ ਵਾਰ-ਵਾਰ ਧਰਤੀ 'ਤੇ ਆਉਂਦੀਆਂ ਹਨ ਤੇ ਇਹਨਾਂ ਦੇ ਕਰਮਾਂ ਦੇ ਕਰਕੇ ਇਹਨਾਂ ਦੀ ਮੁਕਤੀ ਨਹੀਂ ਹੁੰਦੀ।

ਇਹ ਆਤਮਾ ਜਦੋਂ 1917 ਨੂੰ ਭਾਰਤ ਦੀ ਧਰਤੀ 'ਤੇ ਪੈਦਾ ਹੋਈ ਤਾਂ ਉਸ ਤੋਂ ਬਾਅਦ ਹੌਲ਼ੀ-ਹੌਲ਼ੀ ਜਦੋਂ ਸਰੀਰਕ ਰੂਪ ਵਿੱਚ ਵੱਡੀ ਹੋਈ, ਇਸ ਨੇ ਭਾਰਤ ਦੇ ਲੋਕਾਂ ਦਾ ਜਿਊਣਾ ਇਸ ਕਦਰ ਔਖਾ ਕਰ ਦਿੱਤਾ ਕਿ ਕਈ ਵਾਰੀ ਤਾਂ ਅਜਿਹਾ ਸਮਾਂ ਭਾਰਤ ਵਿੱਚ ਆਇਆ, ਜਦੋਂ ਇਸ ਦੇ ਗ਼ਲਤ ਫ਼ੈਸਲਿਆਂ ਕਰਕੇ ਭਾਰਤ ਦੇ ਗ਼ਰੀਬ ਵਰਗ ਦੀਆਂ ਮੁਸ਼ਕਿਲਾਂ ਬਹੁਤ ਵਧ ਗਈਆਂ ਤੇ ਉਹਨਾਂ ਦਾ ਜਿਊਣਾ ਵੀ ਔਖਾ ਹੋ ਗਿਆ। ਤੇ ਇਸੇ ਤਰ੍ਹਾਂ ਸਾਰੀ ਤਾਕਤ ਨੂੰ ਆਪਣੇ ਹੱਥ ਵਿੱਚ ਲੈਣ ਦੇ ਮਨਸੂਬੇ ਨੇ ਇਸ ਨੂੰ ਹਮੇਸ਼ਾਂ ਜ਼ੁਲਮ ਕਰਨ ਲਈ ਪ੍ਰੇਰਿਤ ਕੀਤਾ। ਤੇ ਉਹਨਾਂ ਜ਼ੁਲਮਾਂ ਅਤੇ ਤਾਕਤ ਨੂੰ ਕੇਂਦਰਿਤ ਕਰਨ ਦੀ ਪੂਰੀ ਦਾਸਤਾਨ ਕਿਤਾਬ ਦੇ ਪਹਿਲੇ ਲੇਖਾਂ ਵਿੱਚ ਲਿਖ ਚੁੱਕਾ ਹਾਂ।

ਅਖ਼ੀਰ ਉਹ ਦਿਨ ਆਇਆ, ਜਿਹੜੇ ਦਿਨ ਪੂਰੀ ਦੁਨੀਆਂ ਦੇ ਲੋਕ ਬੁਰੀਆਂ ਆਤਮਾਵਾਂ ਨੂੰ ਭਜਾਉਣ ਲਈ ਭੇਸਵਟਾਉਣ ਕਰਦੇ ਹਨ ਤੇ ਡਰਾਵਣੇ ਭੇਸ ਬਣਾ ਕੇ ਬੁਰੀਆਂ ਆਤਮਾਵਾਂ ਨੂੰ ਭਜਾਉਂਦੇ ਹਨ। ਓਸੇ ਦਿਨ ਬਦੀ ਦੀ ਜੜ੍ਹ ਇਸ ਆਤਮਾ ਨੂੰ ਦੁਨੀਆਂ ਤੋਂ ਭਜਾਉਣ ਲਈ BoneFire ਨਹੀਂ ਸਗੋਂ GunFire ਦੀ ਲੋੜ ਸੀ ਤੇ ਡਰਾਵਣੇ ਭੇਸ ਨਹੀਂ, ਸਗੋਂ ਜਾਹੋ-ਜਲਾਲ ਵਾਲ਼ੇ ਖ਼ਾਲਸਾਈ ਭੇਸਾਂ ਦੀ ਲੋੜ ਸੀ। ਜੋ ਅਕਾਲ ਪੁਰਖ ਵਾਹਿਗੁਰੂ ਨੇ ਆਪ ਬਖ਼ਸ਼ਿਆ ਮਨੁੱਖ ਨੂੰ । ਓਸੇ ਭੇਸ ਵਿੱਚ ਤਿਆਰ-ਬਰ-ਤਿਆਰ ਖ਼ਾਲਸੇ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਨੇ ਉਹ GunFire ਕੀਤਾ, ਜਿਸ ਨਾਲ਼ ਇਹ ਦੁਸ਼ਟ-ਆਤਮਾ ਇਸ ਦੁਨੀਆਂ ਤੋਂ ਭੱਜਣੀ ਸੀ। ਅਕਾਲ ਪੁਰਖ ਦੇ ਥਾਪੇ ਖ਼ਾਲਸੇ ਨੇ ਅਖ਼ੀਰ ਭਾਰਤ-ਵਰਸ਼ ਨੂੰ ਇਸ ਤੋਂ ਮੁਕਤੀ ਦਿਵਾਈ ਤੇ ਜਿੱਥੇ ਬਾਕੀ ਦੀ ਦੁਨੀਆਂ 31 ਅਕਤੂਬਰ ਨੂੰ Halloween ਮਨਾ ਕੇ ਇਸ ਦਿਨ ਨੂੰ ਸੈਲੀਬਰੇਟ ਕਰਦੇ ਹਨ, ਓਥੇ ਹੀ ਭਾਰਤ ਨੂੰ ਵੀ ਚੁਰਾਸੀ ਤੋਂ ਬਾਅਦ ਇਸ ਤਿਉਹਾਰ ਨੂੰ ਸਹੀ ਅਰਥਾਂ ਵਿੱਚ ਮਨਾਉਣ ਦਾ ਮੌਕਾ ਮਿਲ਼ ਗਿਆ। ਤੇ ਓਸ ਦਿਨ ਭਾਰਤ ਨੂੰ ਚਿੰਬੜੀ ਇਹ ਦੁਸ਼ਟ-ਆਤਮਾ Halloween ਦੇ ਤਿਉਹਾਰ ਵਾਲ਼ੇ ਦਿਨ ਬਾਕੀ ਦੁਸ਼ਟ-ਆਤਮਾਵਾਂ ਦੇ ਨਾਲ਼ ਜਾ ਰਲ਼ੀ।




ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸੋਧ ਕੇ ਸਿੱਖਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਹੋਈ ਬੇਅਦਬੀ ਦਾ ਬਦਲਾ ਲਿਆ

31 ਅਕਤੂਬਰ 1984 ਨੂੰ ਬਦੀ ਦਾ ਅੰਤ 30 ਗੋਲ਼ੀਆਂ ਮਾਰ ਕੇ ਸ਼ਹੀਦ ਭਾਈ ਬੇਅੰਤ ਸਿੰਘ ਅਤੇ ਸ਼ਹੀਦ ਭਾਈ ਸਤਵੰਤ ਸਿੰਘ ਵੱਲੋਂ ਕੀਤਾ ਗਿਆ। 5 ਗੋਲ਼ੀਆਂ ਭਾਈ ਬੇਅੰਤ ਸਿੰਘ ਨੇ ਆਪਣੇ ਰਿਵਾਲਵਰ (ਪੁਆਇੰਟ 38 ਬੋਰ) ਵਿੱਚੋਂ ਦਾਗ਼ੀਆਂ ਤੇ ਬਾਕੀ 25 ਗੋਲ਼ੀਆਂ ਭਾਈ ਸਤਵੰਤ ਸਿੰਘ ਨੇ ਆਪਣੀ ਸਟੇਨਗੰਨ (ਪੁਆਇੰਟ 9 ਐਮ.ਐਮ.) ਨਾਲ਼ ਦਾਗ਼ੀਆਂ। ਸ਼ਹੀਦ ਭਾਈ ਬੇਅੰਤ ਸਿੰਘ ਮੌਕੇ 'ਤੇ ਸ਼ਹੀਦੀ ਜਾਮ ਪੀ ਗਏ ਤੇ ਭਾਈ ਸਤਵੰਤ ਸਿੰਘ ਨੂੰ ਓਸ ਵੇਲ਼ੇ ਗ੍ਰਿਫ਼ਤਾਰ ਕਰ ਲਿਆ ਗਿਆ। ਭਾਈ ਸਤਵੰਤ ਸਿੰਘ ਤੋਂ ਥੋੜ੍ਹੀ ਦੇਰ ਬਾਅਦ ਹੀ ਭਾਈ ਕੇਹਰ ਸਿੰਘ ਤੇ ਭਾਈ ਬਲਬੀਰ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਭਾਈ ਬਲਬੀਰ ਸਿੰਘ ਨੂੰ ਹੇਠਲੀ ਅਦਾਲਤ ਅਤੇ ਹਾਈਕੋਰਟ ਨੇ ਫ਼ਾਂਸੀ ਦੀ ਸਜ਼ਾ ਸੁਣਾਈ ਸੀ ਪਰ ਸੁਪਰੀਮ ਕੋਰਟ ਵੱਲੋਂ ਉਹਨਾਂ ਨੂੰ ਰਾਹਤ ਦੇ ਦਿੱਤੀ ਗਈ। ਇਹ ਭਾਈ ਬਲਬੀਰ ਸਿੰਘ ਵੀ ਦਿੱਲੀ ਪੁਲੀਸ ਵਿੱਚ ਸਬ-ਇੰਸਪੈਕਟਰ ਦੀ ਪੋਸਟ 'ਤੇ ਹੀ ਨੌਕਰੀ ਕਰਦੇ ਸਨ। ਇਹਨਾਂ 'ਤੇ ਇਲਜ਼ਾਮ ਇਹ ਸੀ ਕਿ ਇਹਨਾਂ ਨੇ ਇੱਕ ਵਾਰ ਸਤੰਬਰ ਦੇ ਪਹਿਲੇ ਦੂਜੇ ਹਫ਼ਤੇ ਵਿੱਚ ਭਾਈ ਬੇਅੰਤ ਸਿੰਘ ਦੇ ਨਾਲ਼ ਇੰਦਰਾ ਨੂੰ ਸੋਧਣ ਦੀ ਅਰਦਾਸ ਕੀਤੀ ਸੀ।

ਜਦੋਂ ਭਾਈ ਬੇਅੰਤ ਸਿੰਘ ਨੇ ਇੰਦਰਾ ਨੂੰ ਸੋਧਨ ਦਾ ਪ੍ਰਣ ਲੈ ਲਿਆ ਤਾਂ ਇੱਕ ਦਿਨ ਉਹਨਾਂ ਦੇ ਮਨ ਵਿੱਚ ਸ਼ੰਕਾ ਪੈਦਾ ਹੋਇਆ ਕਿ ਇਹ ਕਰਨਾ ਸਹੀ ਵੀ ਹੈ ਜਾਂ ਨਹੀਂ? ਉਹ ਆਪਣੀ ਡਿਊਟੀ 'ਤੇ ਸਨ। ਓਸ ਵੇਲ਼ੇ ਇੱਕ ਬਾਜ਼ ਉਹਨਾਂ ਦੀ ਡਿਊਟੀ ਦੇ ਨੇੜੇ ਦੇ ਗੁਰਦੁਆਰਾ ਸਾਹਿਬ ਦੇ ਉੱਪਰ ਆ ਕੇ ਬੈਠਦਾ ਸੀ। ਤੇ ਕੁਝ ਦਿਨਾਂ ਤੋਂ ਉਹ ਬਾਜ਼ ਇੰਦਰਾ ਗਾਂਧੀ ਦੇ ਘਰ ਦੇ ਸਾਹਮਣੇ ਆ ਕੇ ਬੈਠਣ ਲੱਗ ਗਿਆ ਸੀ। ਉਸ ਦਿਨ ਵੀ ਓਹੀ ਬਾਜ਼ ਇੰਦਰਾ ਦੇ ਘਰ ਦੇ ਸਾਹਮਣੇ ਬੈਠਾ ਸੀ ਜੋ ਬਲਬੀਰ ਸਿੰਘ ਨੇ ਭਾਈ ਬੇਅੰਤ ਸਿੰਘ ਨੂੰ ਵਿਖਾ ਕੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਆਇਆ ਹੈ ਕਿ ਇੰਦਰਾ ਨੂੰ ਉਸ ਦੇ ਪਾਪਾਂ ਦੀ ਬਣਦੀ ਸਜ਼ਾ ਦਿੱਤੀ ਜਾਵੇ। ਤਾਂ ਭਾਈ ਬੇਅੰਤ ਸਿੰਘ ਨੇ ਕਿਹਾ ਕਿ ਜੇ ਇਹ ਬਾਜ਼ ਮੇਰੇ ਹੱਥ ਜਾਂ ਮੋਢੇ 'ਤੇ ਆ ਕੇ ਬੈਠ ਜਾਵੇ ਤਾਂ ਮੈਂ ਮੰਨਾਂਗਾ ਤੇ ਅਗਲੇ ਹੀ ਪਲ ਉਹ ਬਾਜ਼ ਉਹਨਾਂ ਦੇ ਮੋਢੇ 'ਤੇ ਆ ਕਿ ਬੈਠ ਗਿਆ। ਫਿਰ ਤਾਂ ਭਾਈ ਬੇਅੰਤ ਸਿੰਘ ਹੋਰ ਦ੍ਰਿੜ੍ਹ ਹੋ ਗਏ। ਫਿਰ ਇਹਨਾਂ ਦੋਹਾਂ ਨੇ ਬਾਜ਼ ਦੀ ਮੌਜੂਦਗੀ ਵਿੱਚ ਗੁਰਦੁਆਰਾ ਸਾਹਿਬ ਵੱਲ ਨੂੰ ਮੂੰਹ ਕਰ ਕੇ ਓਸੇ ਵੇਲ਼ੇ ਅਰਦਾਸ ਕੀਤੀ।

ਇਹ ਸਾਰੀ ਵਾਰਦਾਤ ਨੂੰ ਅੰਜਾਮ ਦੇਣ ਲਈ ਅਕਾਲ ਪੁਰਖ ਨੇ ਇਹਨਾਂ ਸੂਰਮਿਆਂ ਨੂੰ ਆਪ ਚੁਣਿਆ ਸੀ। ਭਾਈ ਕੇਹਰ ਸਿੰਘ ਦੇ ਹਿਰਦੇ ਅੰਦਰ ਬਦਲਾ ਲੈਣ ਦੀ ਚੰਗਿਆੜੀ ਨੇ ਜਨਮ ਲਿਆ। ਉਹਨਾਂ ਨੇ ਭਾਈ ਬੇਅੰਤ ਸਿੰਘ ਨੂੰ ਪ੍ਰੇਰਿਤ ਕੀਤਾ। ਭਾਈ ਕੇਹਰ ਸਿੰਘ ਰਿਸ਼ਤੇ ਵਿੱਚ ਭਾਈ ਬੇਅੰਤ ਸਿੰਘ ਦੇ ਫੁੱਫੜ ਜੀ ਲੱਗਦੇ ਸਨ। ਤੇ ਦਿੱਲੀ ਪੁਲੀਸ ਦੇ (Director General Food And Civil Supply) ਵਿੱਚ ਨੌਕਰੀ ਕਰਦੇ ਸਨ ਤੇ ਦਿੱਲੀ ਵਿੱਚ ਹੀ ਰਹਿੰਦੇ ਸਨ। ਭਾਈ ਬੇਅੰਤ ਸਿੰਘ ਨੇ ਜਦੋਂ ਪ੍ਰਣ ਲਿਆ ਤਾਂ ਉਹ ਮਦਦ ਲਈ ਇੱਕ ਹੋਰ ਨੌਜਵਾਨ ਦੀ ਭਾਲ਼ ਕਰਨ ਲੱਗੇ। ਉਸ ਵੇਲ਼ੇ ਉਹਨਾਂ ਨੇ ਇੱਕ ਸਿੱਖ ਸਿਪਾਹੀ, ਜੋ ਓਸ ਵੇਲ਼ੇ ਪੁਲੀਸ ਵਿੱਚ ਹੀ ਸੀ, ਨੂੰ ਮਦਦ ਲਈ ਪੁੱਛਿਆ ਤਾਂ ਉਸ ਨੇ ਕਿਹਾ ਮੈਨੂੰ ਦੋ ਲੱਖ ਰੁਪਏ ਤੇ ਮੇਰੇ ਪਰਿਵਾਰ ਨੂੰ ਵਿਦੇਸ਼ ਭੇਜ ਦਿਓ ਮੈਂ ਇਹ ਕਾਰਜ ਤੁਹਾਡੇ ਨਾਲ਼ ਕਰਵਾਵਾਂਗਾ। ਭਾਈ ਬੇਅੰਤ ਸਿੰਘ ਦਾ ਜਵਾਬ ਸੀ ਕਿ ਮੈਂ ਇਹ ਕਾਰਜ ਕਿਸੇ ਜਥੇਬੰਦੀ ਦੇ ਕਹਿਣ 'ਤੇ ਜਾਂ ਪੈਸੇ ਲਈ ਨਹੀਂ ਕਰ ਰਿਹਾ। ਮੈਂ ਤੈਨੂੰ ਪੈਸੇ ਕਿੱਥੋਂ ਦੇਵਾਂ ਇਹ ਤਾਂ ਗੁਰੂ ਦਾ ਹੁਕਮ ਹੈ।


## ਇੰਦਰਾ ਗਾਂਧੀ ਨੂੰ ਸੋਧਣ ਵਾਲੇ ਸਿੰਘ ਸੂਰਮੇ



ਸ਼ਹੀਦ ਭਾਈ ਬੇਅੰਤ ਸਿੰਘ



ਸ਼ਹੀਦ ਭਾਈ ਸਤਵੰਤ ਸਿੰਘ



ਸ਼ਹੀਦ ਭਾਈ ਕੇਹਰ ਸਿੰਘ

ਫਿਰ ਭਾਈ ਬੇਅੰਤ ਸਿੰਘ ਨੇ ਉਸ ਨੂੰ ਧੰਨਵਾਦ ਕੀਤਾ ਤੇ ਵਾਅਦਾ ਲਿਆ ਕਿ ਕਿਸੇ ਹੋਰ ਨਾਲ਼ ਇਹ ਗੱਲ ਸਾਂਝੀ ਨਾ ਕਰੇ ਤੇ ਦੁਬਾਰਾ ਸਾਥੀ ਦੀ ਭਾਲ਼ ਵਿੱਚ ਲੱਗ ਗਏ। ਇਸੇ ਤਰ੍ਹਾਂ ਇੱਕ ਦਿਨ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਨੂੰ ਮਿਲੇ ਤੇ ਅੰਦਰੋਂ ਟੋਹਣ ਲਈ ਕਿਹਾ "ਕਿੱਦਾਂ ਜਵਾਨਾ! ਇਸ ਵਾਰੀ ਫਿਰ ਦਿਵਾਲ਼ੀ ਦਾ ਕੀ ਪ੍ਰੋਗਰਾਮ ਹੈ?" ਤਾਂ ਭਾਈ ਸਤਵੰਤ ਸਿੰਘ ਨੇ ਉੱਤਰ ਦਿੱਤਾ- "ਜੀ ਕਾਹਦੀ ਦਿਵਾਲ਼ੀ? ਸਾਡਾ ਤਾਂ ਅਕਾਲ ਤਖ਼ਤ ਢਾਹ ਦਿੱਤਾ, ਸਾਡੇ ਨੌਜਵਾਨਾਂ, ਬਜ਼ੁਰਗਾਂ, ਬੱਚਿਆਂ, ਬੀਬੀਆਂ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਪੱਤ ਲੁਹਾ ਕੇ ਕਾਹਦੀਆਂ ਦਿਵਾਲ਼ੀਆਂ?

ਓਸੇ ਦਿਨ ਤੋਂ ਭਾਈ ਬੇਅੰਤ ਸਿੰਘ ਨੇ ਭਾਈ ਸਤਵੰਤ ਸਿੰਘ ਦੇ ਨਾਲ਼ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ ਤੇ ਉਹਨਾਂ ਨੂੰ ਭਾਈ ਕੇਹਰ ਸਿੰਘ ਦੁਆਰਾ ਸੁਝਾਏ ਪਲੈਨ ਵਿੱਚ ਸ਼ਾਮਿਲ ਕਰ ਲਿਆ ਤੇ ਬਾਅਦ ਵਿੱਚ ਫਿਰ ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਦਾ ਆਉਣਾ ਜਾਣਾ ਭਾਈ ਬੇਅੰਤ ਸਿੰਘ ਦੇ ਘਰੇ ਲੱਗਾ ਰਿਹਾ ਤੇ ਵਿਉਂਤ ਬੰਦੀ ਚਲਦੀ ਰਹੀ।

14 ਅਕਤੂਬਰ ਨੂੰ ਭਾਈ ਬੇਅੰਤ ਸਿੰਘ ਖ਼ਾਲਸਾ ਸੱਜ ਗਏ ਹੁਣ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਰਿਹਾ ਕਿ ਗੁਰੂ ਗੋਬਿੰਦ ਸਿੰਘ ਦੁਆਰਾ ਹੀ ਉਹਨਾਂ ਦੀ ਚੋਣ ਹੋਈ ਸੀ ਕਿਉਂਕਿ ਬਦੀ ਦਾ ਅੰਤ ਕਰਨ ਲਈ ਹੀ ਖ਼ਾਲਸਾ ਪ੍ਰਗਟ ਹੋਇਆ ਹੈ ਤੇ ਇਸ ਬਦੀ ਦਾ ਅੰਤ ਕਰਨ ਵਾਲ਼ਾ ਸੂਰਮਾ ਭਾਵੇਂ ਹੀ 6 ਜਨਵਰੀ 1959 ਨੂੰ ਜੰਮਿਆ ਸੀ ਪਰ ਇਸ ਵਿੱਚ ਖ਼ਾਲਸਾ ਪ੍ਰਗਟ 14 ਅਕਤੂਬਰ 1984 ਨੂੰ ਹੋਇਆ ਜਿਸ ਨੇ ਇੰਦਰਾ ਵਰਗੀ ਡੈਣ ਦਾ ਅੰਤ ਕਰਨਾ ਸੀ। ਇਹ ਖ਼ਾਲਸਾ ਪੰਜ ਪਿਆਰੇ ਸਾਹਿਬਾਨਾਂ ਕੋਲ਼ੋਂ ਅੰਮ੍ਰਿਤ ਦੀ ਦਾਤ ਲੈ ਕੇ ਆਰ.ਕੇ. ਪੁਰਮ ਦੇ ਸੈਕਟਰ 6 ਦਿੱਲੀ ਦੇ ਗੁਰਦੁਆਰਾ ਸਾਹਿਬ ਵਿੱਚ ਪ੍ਰਗਟ ਹੋਇਆ। ਇਸ ਤੋਂ ਬਾਅਦ 20 ਅਕਤੂਬਰ ਨੂੰ ਭਾਈ ਬੇਅੰਤ ਸਿੰਘ ਅਤੇ ਭਾਈ ਕੇਹਰ ਸਿੰਘ ਸਮੇਤ ਪਰਿਵਾਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਨੂੰ ਆਏ। ਜਿੱਥੇ ਕਿ ਹਕੂਮਤ ਵੱਲੋਂ ਢਾਹਿਆ ਹੋਇਆ ਅਕਾਲ ਦਾ ਤਖ਼ਤ, ਦਰਬਾਰ ਸਾਹਿਬ ਵਿੱਚ ਵੱਜੀਆਂ ਗੋਲ਼ੀਆਂ, ਹੋਰ ਕਈ ਢੱਠੀਆਂ ਇਮਾਰਤਾਂ, ਪ੍ਰਕਰਮਾ ਵਿੱਚ ਬੰਬ ਚਲਾ-ਚਲਾ ਕੇ ਪਏ ਧੂੰਏ ਦੇ ਨਿਸ਼ਾਨ ਵੇਖ ਕੇ ਭਾਈ ਸਾਹਿਬ ਜੀ ਦਾ ਹਿਰਦਾ ਵਲੂੰਧਰਿਆ ਗਿਆ ਤੇ ਉਸ ਦਿਨ ਤੋਂ ਬਾਅਦ ਉਹ ਬਹੁਤ ਹੀ ਵੈਰਾਗ ਵਿੱਚ ਰਹਿਣ ਲੱਗ ਗਏ।

31 ਅਕਤੂਬਰ ਨੂੰ ਸਵੇਰੇ 'ਨੱਥੂ ਰਾਮ' ਵੱਲੋਂ ਇੰਦਰਾ ਗਾਂਧੀ ਲਈ ਮੇਕਅੱਪ ਮੈਨ ਦਾ ਅਰੇਂਜਮੈਂਟ ਕੀਤਾ ਗਿਆ। ਕਿਉਂਕਿ ਉਸ ਦਿਨ 9:30 ਕੁ ਵਜੇ 'ਤੇ ਇੰਦਰਾ ਗਾਂਧੀ ਨੇ ਇੱਕ IrishTV Channel ਨੂੰ ਇੰਟਰਵਿਊ ਦੇਣਾ ਸੀ। ਤੇ ਇਹ ਇੰਟਰਵਿਊ ਅਕਬਰ ਰੋਡ ਦਿੱਲੀ ਵਿਖੇ ਉਸ ਦੇ ਨਿਵਾਸ ਸਥਾਨ 'ਤੇ ਹੀ ਸੀ। ਇੰਦਰਾ ਗਾਂਧੀ ਨੂੰ ਅਕਬਰ ਰੋਡ 'ਤੇ ਹੀ ਦੋ ਬੰਗਲੇ ਮਿਲੇ ਸਨ। ਉਸ ਦਿਨ ਧੁੱਪ ਸੀ। 8.45 'ਤੇ ਕਾਂਸਟੇਬਲ ਨਰਾਇਣ ਸਿੰਘ ਨੂੰ ਹੁਕਮ ਹੋਇਆ ਕਿ ਮੈਡਮ ਬਾਹਰ ਆ ਰਹੀ ਹੈ ਤੇ ਉਹ ਛੱਤਰੀ ਲੈ ਕੇ ਖੜ੍ਹ ਗਿਆ। ਇਹਨਾਂ ਦੋਹਾਂ ਬੰਗਲਿਆਂ ਦੇ ਵਿਚਕਾਰ ਗੇਟ 'ਤੇ ਇੱਕ ਸੰਤਰੀ ਦੀ ਪੋਸਟ ਸੀ, ਜਿਸ ਨੂੰ ਟੀ.ਐੱਮ.ਸੀ. ਗੇਟ ਕਿਹਾ ਜਾਂਦਾ ਹੈ। ਇਸੇ ਪੋਸਟ 'ਤੇ ਹੀ ਭਾਈ ਬੇਅੰਤ ਸਿੰਘ ਸਫ਼ਾਰੀ-ਸੂਟ ਵਿੱਚ ਆਪਣਾ ਲੋਡਡ-ਰਿਵਾਲਵਰ ਸੱਜੇ ਪਾਸੇ ਪਾ ਕੇ ਖੜ੍ਹੇ ਸਨ। ਓਸ ਦਿਨ ਭਾਈ ਸਤਵੰਤ ਸਿੰਘ ਦੀ ਡਿਊਟੀ ਬੀਟ 4 'ਤੇ ਸੀ। ਇਹ ਬੀਟ-ਬਾਕਸ ਪ੍ਰਧਾਨ ਮੰਤਰੀ ਦੇ ਨਿਵਾਸ ਸਥਾਨ ਦੀ ਸੁਰੱਖਿਆ ਲਈ ਆਲੇ-ਦੁਆਲੇ ਬਣਾਏ ਗਏ ਸਨ। ਬੀਟ 4 ਟੀ.ਐੱਮ.ਸੀ. ਗੇਟ ਤੋਂ ਕੁਝ ਗੱਜ ਦੀ ਦੂਰੀ ਤੇ ਸੀ। ਇਸ ਲਈ ਭਾਈ ਸਤਵੰਤ ਸਿੰਘ ਨੇ ਉਸ ਦਿਨ ਬਹਾਨਾ ਬਣਾ ਕੇ ਉਹਨਾਂ ਦੇ ਪੇਟ ਵਿੱਚ ਗੜਬੜ ਹੈ ਬਾਰ ਬਾਰ ਬਾਥਰੂਮ ਜਾਣਾ ਪੈਂਦਾ ਹੈ। ਬੀਟ 4 ਦੇ ਕੋਲ ਬਾਥਰੂਮ ਨਾ ਹੋਣ ਕਰਕੇ ਡਿਊਟੀ ਦੇਣ ਵਿੱਚ ਮੁਸ਼ਕਿਲ ਆਵੇਗੀ, ਸੋ ਆਪਣੀ ਡਿਊਟੀ ਤੀਨ-ਮੂਰਤੀ ਹਾਊਸ ਤੋਂ ਡਿਊਟੀ ਲਾਉਣ ਵਾਲ਼ੇ ਅਫ਼ਸਰ ਕੋਲ਼ੋਂ ਬਦਲਵਾ ਲਈ ਤੇ ਉਹ ਟੀ.ਐੱਮ.ਸੀ. ਗੇਟ 'ਤੇ 'ਸਿਪਾਹੀ ਦੇਸ਼ਫਲ' ਨਾਲ਼ ਡਿਊਟੀ ਬਦਲਾ ਕੇ ਆ ਗਏ ਕਿਉਂਕਿ ਇੱਥੇ ਬਾਥਰੂਮ ਬਿਲਕੁਲ ਨਾਲ਼ ਸੀ। 9 ਕੁ ਵਜੇ ਇੰਦਰਾ ਗਾਂਧੀ, ਆਰ.ਕੇ. ਧਵਨ, ਨਰਾਇਣ ਸਿੰਘ ਤੇ ਏ.ਐੱਸ.ਆਈ. ਰਾਮੇਸ਼ਵਰ ਦਿਆਲ 4 ਜਣੇ ਇੰਦਰਾ ਗਾਂਧੀ ਦੇ ਬੰਗਲੇ ਵਿੱਚੋਂ ਨਿਕਲ਼ ਕੇ ਨਾਲ਼ ਦੇ ਬੰਗਲੇ ਵੱਲ ਜਾਣ ਲਈ ਟੀ.ਐੱਮ.ਸੀ. ਗੇਟ ਵੱਲ ਵਧੇ। ਅਜੇ ਇਹ ਕਾਫ਼ਲਾ 8-10 ਫੁੱਟ ਦੂਰ ਹੀ ਸੀ ਕਿ ਖੱਬੇ ਪਾਸੇ ਖੜ੍ਹੇ ਭਾਈ ਬੇਅੰਤ ਸਿੰਘ ਨੇ ਆਪਣੇ ਸਰਵਿਸ ਰਿਵਾਲਵਰ ਵਿੱਚੋਂ ਗੋਲ਼ੀਆਂ ਇੰਦਰਾ ਗਾਂਧੀ 'ਤੇ ਵਰ੍ਹਾ ਦਿੱਤੀਆਂ ਤੇ ਦੂਸਰੇ ਪਾਸੇ ਖੜ੍ਹੇ ਭਾਈ ਸਤਵੰਤ ਸਿੰਘ ਨੇ ਵੀ ਆਪਣੀ ਸਟੇਨਗੰਨ ਦਾ ਘੋੜਾ ਦੱਬ ਦਿੱਤਾ। ਉਸ ਦਿਨ ਇੰਦਰਾ ਗਾਂਧੀ ਨੇ ਬੁਲੇਟ-ਪਰੂਫ਼ ਜੈਕਟ ਨਹੀਂ ਪਾਈ ਸੀ। ਸਾਰਾ ਸੀਨਾ ਗੋਲ਼ੀਆਂ ਨਾਲ਼ ਛਨਣੀ ਕਰ ਦਿੱਤਾ।

ਇਸ ਹਾਦਸੇ ਵਿੱਚ ਇਹਨਾਂ ਸੂਰਮਿਆਂ ਵੱਲੋਂ ਸਿਵਾਏ ਰਾਮੇਸ਼ਵਰ ਦਿਆਲ ਦੇ ਥੋੜੇ ਜਿਹੇ ਫੱਟੜ ਹੋਣ ਤੋਂ ਹੋਰ ਕਿਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। Conspiracy Theory ਓਦੋਂ ਇਹ ਵੀ ਸੀ ਕਿ ਇੰਦਰਾ ਨੇ ਆਪਣੇ ਵਰਗੀਆਂ ਦੋ ਹੋਰ ਔਰਤਾਂ ਪਲਾਸਟਿਕ ਸਰਜਰੀ ਕਰਵਾ ਕੇ ਤਿਆਰ ਕਰਵਾਈਆਂ ਸਨ ਕਿਉਂਕਿ ਉਸ ਨੂੰ ਪਤਾ ਸੀ ਕਿ ਉਸ ਨੇ ਪੰਗਾ ਸਿੱਖਾ ਨਾਲ਼ ਲਿਆ ਹੈ ਤੇ ਸਿੱਖ ਉਸ ਨੂੰ ਛੱਡਣਗੇ ਨਹੀਂ। ਪਰ ਉਸ ਦਿਨ ਖ਼ਾਲਸੇ ਦਾ ਤੀਰ ਸਹੀ ਟਿਕਾਣੇ ਲੱਗਾ ਤੇ ਅਸਲ ਬਦੀ ਦੀ ਜੜ੍ਹ ਮੁੱਢੋਂ ਪੁੱਟ ਦਿੱਤੀ ਗਈ।




ਸਿੰਘਾਂ ਵੱਲੋਂ ਗੋਲ਼ੀਆਂ ਨਾਲ਼ ਛਲਣੀ ਕੀਤੀ ਇੰਦਰਾ ਗਾਂਧੀ ਦੀ ਲਾਸ਼

ਇੱਥੇ ਹੀ ਭਾਈ ਬੇਅੰਤ ਸਿੰਘ ਸ਼ਹਾਦਤ ਦਾ ਜਾਮ ਪੀ ਗਏ। ਭਾਈ ਸਤਵੰਤ ਸਿੰਘ ਦੀ ਗ੍ਰਿਫ਼ਤਾਰੀ ਹੋ ਗਈ ਤੇ ਇਹਨਾਂ ਦੇ ਕੇਸ ਅਦਾਲਤਾਂ ਵਿੱਚ ਚੱਲੇ ਜੋ ਕਿ ਭਾਰਤ ਦੇ ਨਾਮੀ ਵਕੀਲ ਰਾਮ ਜੇਠਮਲਾਨੀ, ਪ੍ਰਾਣਨਾਥ ਲੇਖੀ ਤੇ ਹੋਰ ਅਜਿਹੇ ਉੱਘੇ ਵਕੀਲਾਂ ਨੇ ਲੜੇ। ਭਾਈ ਕੇਹਰ ਸਿੰਘ ਤੇ ਭਾਈ ਸਤਵੰਤ ਸਿੰਘ ਨੇ ਕੋਈ ਵੀ 'ਮਰਸੀ ਪਟੀਸ਼ਨ' ਦਾਇਰ ਨਹੀਂ ਕਰਵਾਈ ਤੇ ਅਦਾਲਤਾਂ ਵਿੱਚ ਕਿਹਾ ਕਿ ਉਹਨਾਂ ਨੇ ਜੋ ਕੀਤਾ ਹੈ, ਉਸ 'ਤੇ ਉਹਨਾਂ ਨੂੰ ਕੋਈ ਅਫ਼ਸੋਸ ਨਹੀਂ ਹੈ। ਤੇ ਅਖ਼ੀਰ ਇਹਨਾਂ ਦੋਹਾਂ ਸੂਰਮਿਆਂ ਨੂੰ 6 ਜਨਵਰੀ 1989 ਨੂੰ ਫ਼ਾਂਸੀ ਚੜ੍ਹਾ ਕੇ ਸ਼ਹੀਦ ਕਰ ਦਿੱਤਾ ਗਿਆ।

* * * *

– ਮਨਜੀਤ ਸਿੰਘ ਭੋਗਲ (ਜਰਮਨੀ)
ਮੁੱਖ ਸੰਪਾਦਕ 'ਪੰਜਆਬ' ਮੈਗਜ਼ੀਨ
ਚੇਅਰਮੈਨ (IPCC germany intellectual punjabi Chamber of Commerce)
ਸਬ ਐਡੀਟਰ (ਪੰਜਾਬ ਹੈੱਡਲਾਈਨਜ਼)

# ਅਕਾਲ ਤਖ਼ਤ ਮਹਾਨ ਹੈ
# ਸਿੱਖ ਪੰਥ ਦੀ ਸ਼ਾਨ ਹੈ

ਵੈਸੇ ਤਾਂ ਅੱਜ ਤਕ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਇਤਿਹਾਸ ਵਿੱਚ ਬਹੁਤ ਸਾਰੇ ਪੰਥ ਦੋਖੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਓਥੋਂ ਦੇ ਮੁੱਖ ਸੇਵਾਦਾਰ (ਜਥੇਦਾਰ) ਸਾਹਿਬਾਨਾਂ ਨਾਲ ਬਹੁਤ ਵਾਰੀ ਮੱਥਾ ਲਾਉਣ ਦੀ ਕੋਸ਼ਿਸ਼ ਕੀਤੀ ਤੇ ਹਮੇਸ਼ਾਂ ਪੰਥ ਨੇ ਉਹਨਾਂ ਦਾ ਮੂੰਹ ਕਾਲ਼ਾ ਕਰ ਕੇ ਤੋਰਿਆ ਤੇ ਅੱਜ ਤਕ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਓਥੋਂ ਦੇ ਮੁੱਖ ਸੇਵਾਦਾਰਾਂ (ਜਥੇਦਾਰ ਸਾਹਿਬਾਨਾਂ) ਦੀ ਸ਼ਾਨੋ-ਸ਼ੌਕਤ ਪੂਰੀ ਦੁਨੀਆਂ ਵਿੱਚ ਇੱਕ ਵਿਲੱਖਣ ਹਸਤੀ ਰੱਖਦੀ ਹੈ ਤੇ ਬਰਕਰਾਰ ਹੈ।

ਪੰਥ ਦੋਖੀਆਂ ਦੀ ਲੜੀ ਨੂੰ ਅੱਗੇ ਤੋਰਦਿਆਂ 2024 ਦੇ ਅਖ਼ੀਰਲੇ ਮਹੀਨਿਆਂ ਵਿੱਚ ਆ ਕੇ ਵਿਰਸਾ ਸਿੰਘ ਵਲਟੋਹਾ ਨੇ ਆਪਣਾ ਯੋਗਦਾਨ ਪਾਇਆ।

ਉਮਰ ਦੇ ਇਸ ਪੜਾਅ 'ਤੇ ਆ ਕੇ ਸ਼ਾਇਦ ਉਸ ਨੂੰ ਇਉਂ ਮਹਿਸੂਸ ਹੋਣ ਲੱਗ ਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਥੇਦਾਰ ਸਾਹਿਬਾਨ ਉਸ ਦੀ ਆਪਣੀ ਨਿੱਜੀ ਜਗੀਰ ਹੈ ਤੇ ਉਹ ਜਿਸ ਤਰ੍ਹਾਂ ਚਾਹੇਗਾ ਓਸੇ ਤਰ੍ਹਾਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਚੱਲੇਗਾ। ਪਰ ਉਮਰ ਦੇ ਇਸ ਪੜਾਅ ਵਿੱਚ ਆ ਕੇ ਵੀ ਉਹ ਇਸ ਗੱਲੋਂ ਅਨਜਾਣ ਹੈ ਕਿ ਇੱਕ ਵਿਰਸਾ ਸਿੰਘ ਵਲਟੋਹਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਰਕੇ ਪੰਥ ਪ੍ਰਵਾਨ ਰਿਹਾ ਹੈ ਨਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਇੱਕ ਵਿਰਸੇ ਵਲਟੋਹੇ ਦੇ ਕਰਕੇ ਪੰਥ ਪ੍ਰਵਾਨ ਹੈ। ਖ਼ੈਰ ਜੇ ਇਸ ਤਰ੍ਹਾਂ ਲਿਖਦਾ ਰਿਹਾਂ ਤਾਂ ਲੇਖ ਬਹੁਤ ਲੰਮਾ ਹੋ ਜਾਣਾ।

ਅਕਾਲੀ ਦਲ (ਬਾਦਲ) ਦੇ ਮੋਢੀ ਪ੍ਰਕਾਸ਼ ਸਿੰਘ ਬਾਦਲ (ਇਹ ਅਕਾਲੀ ਦਲ ਬਾਦਲ ਦੇ ਮੋਢੀ ਸਨ, ਸ਼੍ਰੋਮਣੀ ਅਕਾਲੀ ਦਲ ਦੇ ਨਹੀਂ) ਨੇ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਆਪਣੇ ਚਮਚੇ-ਕੜਛੀਆਂ ਪੂਰੀ ਤਰ੍ਹਾਂ ਵਾੜ ਲਏ ਤੇ ਕੁਝ ਸਮੇਂ ਲਈ ਇਸ ਕਮੇਟੀ ਦਾ ਪ੍ਰਬੰਧ ਇਹਨਾਂ ਦੇ ਹਿਸਾਬ ਨਾਲ ਚੱਲਣ ਲੱਗਾ। (ਇਸ ਵਿੱਚ ਕਿਸੇ ਵੀ ਤਖ਼ਤ ਦੇ ਜਥੇਦਾਰ ਸਾਹਿਬਾਨ ਨਹੀਂ ਆਉਂਦੇ ਕਿਉਂਕਿ ਉਹ ਚੁਣੇ ਜਾਣ ਤੋਂ ਬਾਅਦ ਇਸ ਕਮੇਟੀ ਦਾ ਹਿੱਸਾ ਨਹੀਂ ਰਹਿੰਦੇ) ਤਾਂ ਇਹਨਾਂ ਨੂੰ ਲੱਗਿਆ ਕਿ ਹੁਣ ਸਿੱਖ ਪੰਥ ਸਾਡੀ ਮੁੱਠੀ ਵਿੱਚ ਆ ਗਿਆ, ਜੋ ਚਾਹੋ ਕਰਵਾਈ ਜਾਓ। ਹਾਲਾਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਪੰਜਾਬ ਵਿਚਲੇ ਤਿੰਨੇ ਜਥੇਦਾਰ ਸਾਹਿਬਾਨਾਂ ਦੀ ਚੋਣ ਵੀ ਇਸੇ ਕਮੇਟੀ ਦੁਆਰਾ ਕੀਤੀ ਜਾਂਦੀ ਹੈ। ਉਹਨਾਂ ਦੀ ਤਨਖਾਹ ਸਮੇਤ ਸਾਰੇ ਪ੍ਰਬੰਧ ਵੀ ਇਸੇ ਕਮੇਟੀ ਦੁਆਰਾ ਹੀ ਕੀਤੇ ਜਾਂਦੇ ਹਨ ਪਰ ਫਿਰ ਵੀ ਚੋਣ ਤੋਂ ਬਾਅਦ ਜਥੇਦਾਰ ਇਸ ਇੱਕਲੀ ਕਮੇਟੀ ਦਾ ਨਾ ਹੋ ਕੇ ਸਗੋਂ ਪੂਰੇ ਸਿੱਖ ਪੰਥ ਦਾ ਹੁੰਦਾ ਹੈ। ਇਸੇ ਵਹਿਮ ਤਹਿਤ ਜਦੋਂ ਇਹ ਆਪਸੀ ਰਾਜਸੀ ਗੰਢਤੁੱਪ ਹੋਰ ਸੈਂਟਰ ਦੀਆਂ ਪਾਰਟੀਆਂ ਨਾਲ ਕਰ ਰਹੇ ਸਨ ਤਾਂ ਇਹਨਾਂ ਨੇ ਆਪਣੇ ਉਹਨਾਂ ਹੀ ਪਿਆਦਿਆਂ ਵਿੱਚੋਂ ਇੱਕ ਪਿਆਦਾ ਗੁਰਬਚਨ ਸਿੰਘ ਚੁੱਕਿਆ ਜਿਸ ਦੇ ਕੋਲ਼ ਕੋਈ ਵੀ ਜਥੇਦਾਰੀ ਵਾਲ਼ੀ ਕਾਬਲੀਅਤ ਨਹੀਂ ਸੀ, ਚੋਣ ਰਾਹੀਂ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ



ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 1609 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਥਾਪਨਾ ਕੀਤੀ

ਜਥੇਦਾਰ ਥਾਪ ਦਿੱਤਾ। ਉਸ ਕੋਲੋਂ ਮਨਮਰਜੀ ਦੇ ਫ਼ੈਸਲੇ ਕਰਵਾਏ ਗਏ। ਉਸ ਪਿਛਲੀ ਵਜਾ ਇਹ ਨਹੀਂ ਸੀ ਕਿ ਓਸ ਵੇਲੇ ਲੋੜ ਅਨੁਸਾਰ ਫ਼ੈਸਲਿਆਂ ਨੂੰ ਮਨਵਾਉਣ ਕਰਕੇ ਇਹ ਕਰਵਾਇਆ ਜਾ ਰਿਹਾ ਸੀ ਕਿਉਂਕਿ ਇਹ ਸਭ ਜਾਣਦੇ ਸਨ ਕਿ ਪੰਥ ਇਹਨਾਂ ਫ਼ੈਸਲਿਆਂ ਨੂੰ ਪ੍ਰਵਾਨ ਨਹੀਂ ਕਰਦਾ, ਪਰ ਫਿਰ ਵੀ ਮਨਮਰਜ਼ੀ ਦੇ ਫ਼ੈਸਲਿਆਂ ਨੂੰ ਲਾਗੂ ਕਰਵਾ ਕੇ ਜਥੇਦਾਰ ਦੇ ਅਹੁਦੇ ਨੂੰ ਬਦਨਾਮ ਕਰਨਾ ਤੇ ਲੋਕਾਂ ਵਿੱਚ ਆਉਣ ਵਾਲੇ ਜਥੇਦਾਰਾਂ ਨੂੰ ਕਠਪੁਤਲੀਆਂ ਤੇ ਮਜਾਕੀਆਂ ਪਾਤਰ ਬਣਾਉਣਾ, ਇਹ ਮਨਸ਼ਾ ਸੀ। ਉਹ ਇਹ ਵੀ ਜਾਣਦੇ ਸਨ ਕਿ ਆਉਣ ਵਾਲ਼ਾ ਹਰੇਕ ਸਖ਼ਸ਼ ਇਹਨਾਂ ਦੀਆਂ ਉਗਲ਼ਾਂ 'ਤੇ ਨੱਚੇ ਇਹ ਕਦੇ ਵੀ ਸੰਭਵ ਨਹੀਂ। ਸਿੱਖ ਜਥੇਬੰਦੀਆਂ, ਟਕਸਾਲਾਂ ਵਿੱਚ ਪੜ੍ਹੇ ਬਹੁਤੇ ਸਖ਼ਸ਼ ਗੁਰੂ ਸਾਹਿਬ ਜੀ ਦੀ ਮਤ ਤੋਂ ਬਿਨਾਂ ਨਹੀਂ ਚੱਲਦੇ ਤੇ ਇਸ ਕਮੇਟੀ ਵਿੱਚ ਵੀ ਬਹੁਤਾਂਤ ਅਹੁਦੇਦਾਰ ਇਹਨਾਂ ਹੀ ਟਕਸਾਲਾਂ ਤੇ ਜਥੇਬੰਦੀਆਂ ਦੇ ਸਿਖਿਆਰਥੀ ਹਨ।

ਇਸੇ ਕਰਕੇ ਇਹਨਾਂ ਨੇ ਇਹ ਨਿਰਣਾ ਕੀਤਾ ਕਿ ਕਿਉਂ ਨਾ ਇਸ ਅਹੁਦੇ ਦੀ ਮਾਣ ਮਰਿਆਦਾ ਨੂੰ ਹੀ ਲੋਕਾਂ ਵਿੱਚ ਖ਼ਤਮ ਕਰ ਦਿੱਤਾ ਜਾਵੇ। ਤੇ ਤਕਰੀਬਨ ਹੋਇਆ ਵੀ ਇਉਂ ਹੀ, ਜਦੋਂ ਗੁਰਬਚਨ ਸਿੰਘ ਆਪਣਾ ਕਾਰਜ ਕਰ ਕੇ ਪੰਥ ਵਿੱਚ ਇਸ ਅਹੁਦੇ ਦੀ ਮਰਿਆਦਾ ਨੂੰ ਤਾਰ-ਤਾਰ ਕਰ ਕੇ ਚੱਲਦੇ ਬਣੇ ਤਾਂ ਆਉਣ ਵਾਲੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਲੋਕਾਂ ਨੇ ਬਹੁਤ ਥਾਂਈ ਟੋਂਟ ਮਾਰਦੇ ਹੋਏ, ਉਹਨਾਂ ਦੇ ਅਲੱਗ-ਅਲੱਗ ਨਾਵਾਂ ਨਾਲ ਬੁਲਾਉਣਾ ਸ਼ੁਰੂ ਕਰ ਦਿੱਤਾ ਤੇ ਉਹਨਾਂ ਵੱਲੋਂ ਆਏ ਫ਼ੈਸਲਿਆ 'ਤੇ ਵੀ ਜ਼ਿਆਦਾਤਰ ਹਾਸਾ-ਠੱਠਾ ਕਰ ਕੇ ਤਵੱਜੋਂ ਨਾ ਦਿੱਤੀ ਜਾਂਦੀ ਰਹੀ। ਪਰ ਇਹ ਗਿਆਨੀ ਹਰਪ੍ਰੀਤ ਸਿੰਘ ਦੀ ਸੂਝ-ਬੂਝ ਸੀ ਕਿ ਜਿਹੜੇ ਕਿਸੇ ਵੇਲੇ ਉਹਨਾਂ ਨੂੰ ਛੋਟੇ ਨਾਂਵਾਂ ਨਾਲ ਬੁਲਾਉਂਦੇ ਸਨ, ਉਹਨਾਂ ਦੀ ਬੇਬਾਕੀ ਨਾਲ ਲਏ ਫ਼ੈਸਲਿਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰੱਖੀ ਮਰਿਆਦਾ ਦੇ ਖਿਆਲ ਸਦਕਾ ਅੱਜ ਸਤਿਕਾਰ ਸਹਿਤ ਉਹਨਾਂ ਨੂੰ ਸੰਬੋਧਨ ਹੁੰਦੇ ਹਨ। ਇਸ ਜਥੇਦਾਰ ਵੱਲੋਂ ਜਦੋਂ ਫਿਰ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਅਹੁਦੇ ਦੀ ਮਾਣ-ਮਰਿਆਦਾ ਨੂੰ ਬਹਾਲ ਕਰਵਾਇਆ ਗਿਆ ਤਾਂ ਬਾਦਲ ਜੁੰਡਲੀ ਨੂੰ ਇਹ ਡਰ ਸਤਾਉਣ ਲੱਗਾ ਕਿ ਅਸੀਂ ਤਾਂ ਸੋਚਦੇ ਸੀ ਕਿ ਜਦੋਂ ਜਥੇਦਾਰ ਨੂੰ ਲੋਕੀ ਸੀਰੀਅਸ ਨਾਲ ਲੈਣਗੇ ਤਾਂ ਇਹ ਸਾਡੀ ਬੁੱਕਲ ਵਿੱਚ ਸ਼ਰਨ ਲਵੇਗਾ ਪਰ ਇਹ ਤਾਂ ਇਸ ਦੇ ਉਲ਼ਟ ਹੋਇਆ। ਫਿਰ ਉਹਨਾਂ ਨੇ ਕਮੇਟੀ ਵਿਚਲੇ ਆਪਣੇ ਵਕਾਰ ਨੂੰ ਵਰਤਦਿਆਂ ਜਥੇਦਾਰ ਸਾਹਿਬ ਨੂੰ ਕਾਰਜਕਾਰੀ ਜਥੇਦਾਰ ਤੋਂ ਮੁਕਤ ਕਰਵਾ ਕੇ ਕਾਹਲ-ਕਦਮੀ ਵਿੱਚ ਨਵਾਂ ਜਥੇਦਾਰ ਨਿਯੁਕਤ ਕਰਵਾ ਦਿੱਤਾ। ਇਹਨਾਂ ਨੇ ਉਹਨਾਂ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਜਥੇਦਾਰ ਬਣਾ ਕੇ ਗਿਆਨੀ ਰਘਬੀਰ ਸਿੰਘ ਨੂੰ ਜਥੇਦਾਰ ਅਕਾਲ ਤਖ਼ਤ ਸਾਹਿਬ ਨਿਯੁਕਤ ਕਰਵਾ ਦਿੱਤਾ। ਇਹ ਬਾਦਲ ਜੁੰਡਲੀ ਦੇ ਪੁੱਠੇ ਘੁੰਮਦੇ ਕਾਲ ਦੇ ਚੱਕਰ ਦੀ ਮਿਹਰਬਾਨੀ ਸੀ ਕਿ ਗਿਆਨੀ ਰਘਬੀਰ ਸਿੰਘ ਜਦੋਂ ਆਏ ਤਾਂ ਪਹਿਲੇ-ਪਹਿਲ ਉਹਨਾਂ ਨਾਲ ਲੋਕਾਂ ਨੇ ਓਹੀ ਵਤੀਰਾ ਕੀਤਾ, ਮਜਾਕੀਆ ਪਾਤਰ ਬਣਾਇਆ ਪਰ ਉਹਨਾਂ ਦੀ ਸੂਝ-ਬੂਝ ਨੇ ਪੰਥ ਨੂੰ ਭਰੋਸਾ ਦਿਵਾਇਆ ਕਿ ਤੁਹਾਡੇ ਸਾਹਮਣੇ ਕੋਈ ਅਕਾਲੀ ਦਲ ਦਾ ਗੁਰਬਚਨ ਸਿੰਘ ਨਹੀਂ ਬਲਕਿ ਛੇਵੇਂ ਪਾਤਿਸਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਤਖ਼ਤ ਦਾ ਮੁੱਖ ਸੇਵਾਦਾਰ ਸਿੱਖ ਪੰਥ ਦਾ ਜਥੇਦਾਰ ਹੈ। ਜਿਸ ਦੇ ਫਲਸਰੂਪ ਪੰਥ ਨੇ ਉਹਨਾਂ ਦਾ ਸਤਿਕਾਰ ਸ਼ੁਰੂ ਕਰ ਦਿੱਤਾ। ਤੇ ਜਿਹੜੀ ਚਾਲ ਅਕਾਲੀ ਦਲ (ਬ) ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ਾਨ ਨੂੰ ਢਾਹ ਲਾਉਣ ਦੀ ਚੱਲੀ ਸੀ, ਉਹ ਫੇਲ੍ਹ ਹੋ ਗਈ ਕਿਉਂਕਿ ਹੁਣ ਇੱਕ ਤੋਂ ਬਾਅਦ ਦੂਜਾ ਜਥੇਦਾਰ ਵੀ ਇਹਨਾਂ ਦੇ ਹੱਥਾਂ ਵਿੱਚ ਖੇਡਣ ਵਾਲ਼ਾ ਨਹੀਂ ਸੀ। ਤੇ ਦੂਜੇ ਪਾਸੇ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਸਾਹਬ ਵੀ ਆਪਣੇ ਅਹੁਦੇ ਦੀ ਤਾਕਤ ਤੇ ਮਾਣ ਮਰਿਆਦਾ ਨੂੰ ਸਮਝਣ ਲੱਗ ਗਏ ਤੇ ਹੁਣ ਉਹ ਵੀ ਇਹਨਾਂ ਦੇ ਗੋਰਖ-ਧੰਦੇ ਦੇ ਹਿੱਸੇਦਾਰ ਨਹੀਂ ਜਾਪਦੇ ਤਾਂ ਹੀ ਇਸ ਵਾਰ ਉਹਨਾਂ ਨੇ ਪਾਰਟੀ ਵਿਸ਼ੇਸ ਨੂੰ ਛੱਡ ਕੇ ਪੰਥ ਦੇ ਨਾਲ ਚੱਲਣ ਦਾ ਫ਼ੈਸਲਾ ਕੀਤਾ। ਪਾ-ਲਾਹ ਕੇ ਇਹਨਾਂ ਦੇ ਕੋਲ਼ ਇੱਕ ਹੀ ਬੰਦਾ ਰਹਿ ਗਿਆ ਵਿਰਸਾ ਸਿੰਘ ਵਲਟੋਹਾ ਜੋ ਕਿ ਆਪਣੀ ਭਾਸ਼ਾ ਦੇ ਸਦਕਾ

ਪਹਿਲਾਂ ਹੀ ਇੱਕ ਪੰਥਕ ਨਾਲੋਂ ਕਿਸੇ ਗੁੰਡੇ-ਮਵਾਲੀ ਦੀ ਤਰ੍ਹਾਂ ਜਾਪਦਾ ਹੈ। ਗਿਆਨੀ ਹਰਪ੍ਰੀਤ ਸਿੰਘ ਤਾਂ ਪਹਿਲਾਂ ਹੀ ਇਹਨਾਂ ਨੂੰ ਪ੍ਰਵਾਨ ਨਹੀਂ ਸਨ ਕਿਉਂਕਿ ਉਹਨਾਂ ਨੇ ਬਹੁਤ ਥਾਂਈਂ ਇੱਕ ਕੌਮ ਦੇ ਜਥੇਦਾਰ ਹੋਣ ਨੂੰ ਤਵੱਜੋ ਦਿੱਤੀ ਨਾ ਕਿ ਕਿਸੇ ਪਾਰਟੀ ਵਿਸ਼ੇਸ਼ ਨੂੰ। ਇਸੇ ਕਰਕੇ ਵਿਰਸਾ ਸਿੰਘ ਵਲਟੋਹਾ ਨੇ ਉਹਨਾਂ ਨੂੰ ਨਿਸ਼ਾਨੇ ’ਤੇ ਲੈ ਕੇ ਬਾਕੀ ਦੇ ਜਥੇਦਾਰ ਸਾਹਿਬਾਨ ਤੇ ਕਮੇਟੀ ਦੇ ਹੋਰ ਅਹੁਦੇਦਾਰਾਂ ਨੂੰ ਡਰਾਉਣ ਦਾ ਯਤਨ ਕੀਤਾ। ਪਰ ਇਹ ਯਤਨ ਓਦੋਂ ਫੇਲ੍ਹ ਹੋ ਗਏ ਜਦੋਂ ਮੌਜੂਦਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਵਰਤਾਰੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੰਥਕ ਰਵਾਇਤਾਂ ਅਨੁਸਾਰ ਤੁਰੰਤ ਫ਼ੈਸਲਾ ਕੀਤਾ ਤੇ ਇਹ ਦਰਸਾਇਆ ਕਿ ਇਹ ਜਥੇਦਾਰ ਕਿਸੇ ਪਾਰਟੀ ਵਿਸ਼ੇਸ਼ ਦਾ ਨਹੀਂ ਬਲਕਿ ਸਿੱਖ ਪੰਥ ਦਾ ਆਪਣਾ ਜਥੇਦਾਰ ਹੈ।

ਪਰ ਓਥੇ ਹੀ ਦੂਜੇ ਪਾਸੇ ਗਿਆਨੀ ਹਰਪ੍ਰੀਤ ਸਿੰਘ ਜਿਸ ਤਰ੍ਹਾਂ ਪਹਿਲਾਂ ਆਪਣੇ ਧਾਕੜ ਫ਼ੈਸਲਿਆਂ ਲਈ ਜਾਣੇ ਜਾਂਦੇ ਸਨ, ਓਥੇ ਹੀ ਕੁੱਝ ਦਿਨ ਪਹਿਲਾਂ ਤਕ ਬੇਬੱਸ ਨਜ਼ਰ ਆਏ। ਸ਼ਾਇਦ ਉਹਨਾਂ ਨੂੰ ਪੰਥ ’ਤੇ ਪੂਰਾ ਯਕੀਨ ਨਹੀਂ ਸੀ ਕਿਉਂਕਿ ਗੁਰਬਚਨ ਸਿੰਘ ਨੇ ਪਹਿਲਾਂ ਹੀ ਪੰਥ ਵਿੱਚ ਜਥੇਦਾਰ ਸਾਹਿਬਾਨਾਂ ਪ੍ਰਤੀ ਅਵਿਸ਼ਵਾਸ ਪੈਦਾ ਕੀਤਾ ਹੋਇਆ ਸੀ। ਪਰ 18 ਅਕਤੂਬਰ ਵਾਲ਼ੀ ਪ੍ਰੈੱਸ ਕਾਨਫ਼ਰੰਸ ਵਿੱਚ ਉਹਨਾਂ ਨੇ ਫਿਰ ਤੋਂ ਉਹ ਬੜਕ ਮਾਰੀ ਕਿਉਂਕਿ ਪੰਥ ਨੇ ਉਨ੍ਹਾਂ ਨੂੰ ਹਰ ਤਰੀਕੇ ਨਾਲ਼ ਸਹਿਯੋਗ ਕੀਤਾ। ਜਿਸ ਤੋਂ ਹੁਣ ਅਕਾਲੀ ਦਲ (ਬ) ਨੂੰ ਇਹ ਜਾਣ ਲੈਣਾ ਚਾਹੀਦਾ ਕਿ ਜਿਹੜੀਆਂ ਗੰਢਾਂ ਤੁਸੀਂ ਹੱਥਾਂ ਨਾਲ ਦਿੱਤੀਆਂ, ਉਹ ਹੁਣ ਮੂੰਹ ਨਾਲ ਵੀ ਨਹੀਂ ਖੁੱਲ੍ਹਣੀਆਂ। ਸਾਡੇ ਤਖ਼ਤ ਸਾਹਿਬਾਨਾਂ ਨੂੰ ਕਬਜ਼ੇ ਹੇਠ ਕਰਨ ਲਈ ਇਹਨਾਂ ਨੂੰ ਪਹਿਲਾਂ ਗੁਰਦੁਆਰੇ ਐਲਾਨ ਕੇ ਭਾਰਤੀ ਐਕਟ ਅਧੀਨ ਕਰ ਕੇ ਤੇ ਜਥੇਦਾਰ ਸਾਹਿਬਾਨਾਂ ਦੀ ਚੋਣ ਪ੍ਰਕਿਰਿਆ ਨੂੰ ਸ਼੍ਰੋਮਣੀ ਕਮੇਟੀ ਅਧੀਨ ਲੈ ਕੇ ਆਉਣ ਨਾਲ ਸਾਡੇ ਤਖ਼ਤਾਂ ਦੀ ਪ੍ਰਭੂਸੱਤਾ ਨੂੰ ਖ਼ਤਮ ਕੀਤਾ ਗਿਆ। ਪਰ ਜਿਸ ਅਕਾਲੀ ਦਲ (ਬ) ਨੇ ਇਸ ਦੀ ਜ਼ਿਆਦਾ ਵਰਤੋਂ ਕੀਤੀ। ਉਹਨਾਂ ਨੂੰ ਸੀ ਕਿ ਤਖ਼ਤ ਸਾਹਿਬ ਦੇ ਜਥੇਦਾਰ ਤਾਂ ਕਮੇਟੀ ਪ੍ਰਧਾਨ ਦੇ ਅਧਿਕਾਰ ਵਿੱਚ ਆਉਂਦੇ ਹਨ। ਪਰ ਹੁਣ ਤਾਂ ਪ੍ਰਧਾਨ ਸਾਹਬ ਵੀ ਉਹਨਾਂ ਦੇ ਹੱਥੋਂ ਨਿਕਲਦੇ ਜਾ ਰਹੇ ਹਨ। ਫਿਰ ਹਲਕੇ ਕਿਰਦਾਰ ਦੇ ਵਿਰਸਾ ਸਿੰਘ ਵਰਗੇ ਬੰਦਿਆਂ ਨੂੰ ਖੁੱਲ੍ਹਿਆਂ ਛੱਡਿਆ ਗਿਆ, ਜਥੇਦਾਰ ਸਾਹਿਬਾਨਾਂ ਨੂੰ ਧਮਕਾਉਣ ਲਈ। ਇਸ ਤੋਂ ਇਹ ਅੰਦਾਜਾ ਲਾ ਲੈਣਾ ਚਾਹੀਦਾ ਕਿ ਜੇ ਅੱਜ ਬਾਦਲ ਜੁੰਡਲੀ ਸੱਤਾ ਤੋਂ ਕੋਹਾ ਦੂਰ ਹੈ ਤੇ ਬੁਰੀ ਤਰ੍ਹਾਂ ਨਾਲ ਸਾਰੇ ਪਾਸਿਓਂ ਘਿਰੀ ਹੋਈ ਹੈ ਤਾਂ ਵੀ ਇਹਨਾਂ ਵਿੱਚ ਐਨਾ ਹੀਆ ਹੈ ਕਿ ਜਥੇਦਾਰ ਸਾਹਿਬਾਨਾਂ ਨੂੰ ਧਮਕਾ ਕੇ ਉਹਨਾਂ ਕੋਲ਼ੋਂ ਆਪਣਾ ਉੱਲੂ ਸਿੱਧਾ ਕਰਵਾਉਣ ਦਾ ਅਤੇ ਜਦੋਂ ਇਹ ਸੱਤਾ ’ਤੇ ਪੂਰੀ ਤਰ੍ਹਾਂ ਕਾਬਜ਼ ਸਨ, ਓਸ ਵੇਲੇ ਇਹ ਇਹਨਾਂ ਅਹੁਦਿਆਂ ਨੂੰ ਕਿਸ ਤਰ੍ਹਾਂ ਵਰਤਦੇ ਹੋਣਗੇ?

ਖ਼ਾਲਸਾ ਪੰਥ ਨੂੰ ਅੱਜ ਇਹ ਫ਼ੈਸਲਾ ਕਰਨਾ ਚਾਹੀਦਾ ਕਿ ਕਮੇਟੀ ਚਾਹੇ ਕੋਈ ਵੀ ਹੋਵੇ, ਗੁਰਦੁਆਰਿਆਂ ਦਾ ਪ੍ਰਬੰਧ ਚਾਹੇ ਕਿਸੇ ਕੋਲ ਵੀ ਹੋਵੇ, ਖ਼ਾਲਸੇ ਦੇ ਤਖ਼ਤਾਂ ਦੀ ਪ੍ਰਭੂਸੱਤਾ ਕਿਸੇ ਵੀ ਕਮੇਟੀ ਅਧੀਨ ਨਹੀਂ ਹੋਣੀ ਚਾਹੀਦੀ।

ਇੱਕ ਸ਼ੰਕਾ ਜੋ ਅਜੇ ਵਕਤ ਦੇ ਗਰਭ ਵਿੱਚ ਹੈ; ਅਕਾਲ ਪੁਰਖ ਕੋਲੋ ਇਹੀ ਮੰਗ ਕਰਦਾ ਹਾਂ ਕਿ ਇਹ ਸ਼ੰਕਾ ਕਦੇ ਵੀ ਸੱਚਾ ਨਾ ਹੋਵੇ। ਉਹ ਇਹ ਹੈ ਕਿ ਕਿਤੇ ਇਹ ਤਾਂ ਨਹੀਂ ਵਿਰਸਾ ਸਿੰਘ ਵਲਟੋਹਾ ਦੀ ਬਲ਼ੀ ਦੇ ਕੇ ਇਸ ਸਾਰੇ ਵਰਤਾਰੇ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਪਾਕ-ਸਾਫ਼ ਕੱਢਣ ਦਾ ਪੈਂਤੜਾ ਤਿਆਰ ਹੋ ਰਿਹਾ ਹੋਵੇ ਤੇ ਜਿਹੜੇ ਜਥੇਦਾਰ ਸਾਹਿਬਾਨਾਂ ਦੇ ਅੱਜ ਵਾਲੇ ਫ਼ੈਸਲਿਆਂ ਨਾਲ ਅਸੀਂ ਅਕਾਲੀ ਫੂਲਾ ਸਿੰਘ ਦੇ ਦਰਸ਼ਨ ਕਰ ਲਏ ਕੱਲ੍ਹ ਨੂੰ ਉਹਨਾਂ ਵਿੱਚ ਫਿਰ ਤੋਂ ਅਰੂੜ ਸਿੰਘ ਤੇ ਗੁਰਬਚਨ ਸਿੰਘ ਦੇ ਦਰਸ਼ਨ ਹੋ ਜਾਣ।

* * * *

ਤੁਹਾਨੂੰ ਇਸ ਰਸਾਲੇ ਦੀਆਂ ਲਿਖਤਾਂ ਕਿਵੇਂ ਲੱਗੀਆਂ? ਸਾਨੂੰ ਪੜ੍ਹ ਕੇ ਵਟਸਐਪ ਸੁਨੇਹੇ ’ਤੇ ਆਪਣੇ ਵਿਚਾਰ ਜ਼ਰੂਰ ਦਿਓ।

– ਸੰਪਾਦਕ

# ਹਉਮੈ ਦੀਰਘ ਰੋਗੁ

ਮਨੁੱਖੀ ਸੁਭਾਅ ਦੀ ਇਹ ਫ਼ਿਤਰਤ ਹੈ ਕਿ ਉਹ ਆਪਣੇ ਗੁਣਾਂ ਦਾ ਗਾਇਨ ਸੁਣ ਕੇ ਅਨੰਦਮਈ ਮਹਿਸੂਸ ਕਰਦਾ ਏ ਤੇ ਚਾਹੁੰਦਾ ਹੈ ਕਿ ਹਰ ਕੋਈ ਮੇਰੇ ਵਿਚਾਰਾਂ ਨਾਲ ਸਹਿਮਤ ਹੋਵੇ। ਸਾਡੇ ਆਲੇ-ਦੁਆਲੇ ਵਾਪਰ ਰਹੇ ਕਲੇਸ਼ ਦੀ ਇੱਕ ਵਜਾ ਇਹ ਹੈ ਕਿ ਹਰ ਕੋਈ ਇਹ ਸਮਝ ਬਹਿੰਦਾ ਹੈ ਕਿ ਜੋ ਮੈਂ ਸੋਚਦਾ ਜਾਂ ਕਹਿੰਦਾ ਹਾਂ ਉਹ ਹੀ ‘ਆਖ਼ਰੀ ਸੱਚ’ ਹੈ।

ਮੇਰੇ ਸ਼ਹਿਰ ਦੇ ਜ਼ਿਆਦਾਤਰ ਪਤਵੰਤੇ ਸੱਜਣਾਂ ਦਾ ਵੀ ਸ਼ਾਇਦ ਇਹ ਤੌਖ਼ਲਾ ਰਹਿੰਦਾ ਹੈ ਕਿ ਦੂਜਾ ਮੇਰੇ ਨਾਲ ਸਹਿਮਤ ਨਹੀਂ ਤੇ ਦੂਜਾ ਇਹ ਸਮਝਦਾ ਕਿ ਤੀਜਾ ਮੇਰੀ ‘ਹਾਂ’ ’ਚ ‘ਹਾਂ’ ਕਿਉਂ ਨਹੀਂ ਮਿਲਾਉਂਦਾ। ਇਸੇ ਕਾਰਨ ਅਸੀਂ ਨਿੱਕੇ-ਨਿੱਕੇ ਧੜੇ-ਕਬੀਲਿਆਂ ਵਿੱਚ ਵੰਡੇ ਹੋਏ ਹਾਂ। ਖੁੱਲ੍ਹੇ ਦਿਲ ਨਾਲ ਵੇਖੀਏ ਤਾਂ ਇਹੋ ਹਾਲ ਪੰਜਾਬ-ਭਾਰਤ ਦਾ ਅਤੇ ਸਾਰੀ ਮਾਨਵ ਜਾਤ ਦਾ ਹੈ।

ਜਰਮਨ ਦੇ ਘੁੱਗ ਵੱਸਦੇ ਸ਼ਹਿਰ ‘ਫ਼ਰੈਂਕਫੋਰਟ’ ਰਹਿੰਦਿਆਂ ਮੈਨੂੰ ਢਾਈ ਦਹਾਕਿਆਂ ਤੋਂ ਵਧੇਰੇ ਸਮਾਂ ਹੋ ਗਿਆ ਹੈ। ਬਗੈਰ ਕਿਸੇ ਧੜੇ, ਪਾਰਟੀ, ਸੰਸਥਾ, ਕਲੱਬ ਤੇ ਕਮੇਟੀ ਤੋਂ ਮੇਰਾ ਸਾਰੇ ਸੱਜਣਾਂ ਨਾਲ ਪ੍ਰੇਮ ਤੇ ਉਠਣਾ ਬਹਿਣਾ ਏ। ਹਾਂ ਸੱਚ, ਪਿੱਛੇ ਜਿਹੇ ਇੱਕ ਆਮ ਆਦਮੀ ਪਾਰਟੀ ਦੇ ਇਨਕਲਾਬ ਦਾ ਤਹਿਈਆ ਕੁਝ ਦਿਨਾਂ ਵਾਸਤੇ ਮੈਨੂੰ ਵੀ ਚੜ੍ਹਿਆ ਸੀ ਪਰ ਛੇਤੀ ਹੀ ਲਹਿ ਗਿਆ।

ਖ਼ੈਰ। ਗੱਲ ਵਿਚਾਰਾਂ ਦੀ ਕਰਦੇ ਆ। ਜਦੋਂ ਅਸੀਂ ਦੂਜੇ ਨੂੰ ਆਪਣੇ ਵਿਚਾਰਾਂ ਨਾਲ ਸਹਿਮਤ ਕਰਨ ਦੀ ਜਿੱਦ ਕਰ ਰਹੇ ਹੁੰਨੇ ਆ ਤਾਂ ਭੁੱਲ ਜਾਨੇ ਹੈ ਕਿ ਆਪਾਂ ਤਾਂ ਆਮ ਮਨੁੱਖ ਹਾਂ ਇੱਥੇ ਤਾਂ ਪੀਰ, ਪੈਗੰਬਰਾਂ ਤੇ ਅਵਤਾਰਾਂ ਦੀ ਸਹਿਮਤੀ ਨਹੀਂ ਬਣੀ, ਉਹ ਇੱਕ ਮੱਤ ਨਹੀਂ ਹੋਏ ਤੇ ਆਪਾਂ ਕੌਣ ਆਂ? ਦੁਨੀਆਂ ਦੇ ਦੋ ਬਹੁਗਿਣਤੀ ਮਜ਼੍ਹਬ ਇਸਾਈ ਤੇ ਮੁਸਲਿਮ ਦਾ ਮੁੱਢ ਯਹੂਦੀ ਹਨ। ਸਾਰੇ ਜਾਣਦੇ ਆਂ ਕਿ ਕਿ ਈਸਾ ਯਹੂਦੀਆਂ ’ਚ ਪੈਦਾ ਹੋਏ ਤੇ ਉਹਨਾਂ ’ਚੋਂ ਭਾਵ ਇਸਾਈ ਮੱਤ ’ਚੋਂ ਇਸਲਾਮ ਪ੍ਰਗਟ ਹੋਇਆ ਤੇ ਵਗੈਰਾ-ਵਗੈਰਾ। ਹੁਣ ਮੁਸਲਿਮ ਈਸਾ ਨੂੰ ਵੀ ਨਬੀ ਮੰਨਦੇ ਨੇ। ਪਰ ਪੈਗੰਬਰ ਈਸਾ ਆਖਦੇ ਨੇ ਸ਼ਰਾਬ (Red Wine) ਪੀਓ, ਇਹ ਮੇਰਾ ਬਲੱਡ (ਖ਼ੂਨ) ਹੈ ਜੋ ਤੁਹਾਨੂੰ ਮੁਕਤੀ ਦੇਵੇਗਾ। ਚਰਚਾਂ ’ਚ ਬਾਕਾਇਦਾ ਲਾਹਣ ਦਾ ਪ੍ਰਸ਼ਾਦ ਵੀ ਵਰਤਾਇਆ ਜਾਂਦਾ।

ਦੂਸਰੇ ਪਾਸੇ ਹਜ਼ਰਤ ਮੁਹੰਮਦ ਸਾਹਿਬ ਆਖਦੇ ਨੇ ਮੱਦ (ਸ਼ਰਾਬ) ਪੀਣੀ ਹਰਾਮ ਹੈ। ਇਸਾਈ ਮੱਤ ਵਿੱਚ ਸੂਰ ਖਾਣ ਦਾ ਰਿਵਾਜ ਹੈ ਤੇ ਇਸਲਾਮ ਇਸ ਨੂੰ ਭੈੜਾ (ਹਰਾਮ) ਮੰਨਦਾ ਹੈ। ਇਸੇ ਤਰ੍ਹਾਂ ਜੀਵਾਂ ’ਤੇ ਦਇਆ ਕਰਨ ਵਾਲੇ ਹਿੰਦੂ ਮੱਤ ਵਿੱਚ ਪਰਮਾਹੰਸ ਕਹਿੰਦੇ ਨੇ ਜਲ-ਤੋਰੀ ਭਾਵ ‘ਮੱਛੀ’ ਖਾਓ। ਹੈ ਉਹ ਵੀ ਜੀਵ। ਹੋਰ ਤੇ ਹੋਰ ‘ਅਹਿੰਸਾ ਪਰਮੋ ਧਰਮ’ ਦੇ ਜੈਕਾਰੇ ਛੱਡਣ ਵਾਲੇ ਮਜ਼੍ਹਬ ਵਿੱਚ ਜਿੱਥੇ ਜੀਵਾਂ ’ਤੇ ਦਇਆ ਦੀ ਗੱਲ ਏ, ਓਥੇ ਬਲ਼ੀ ਦਾ ਰਿਵਾਜ ਵੀ ਹੈ।

ਸੋ ਗੱਲ ਤੋਂ ਸਮਝ ਤਾਂ ਇਹ ਪੈਂਦੀ ਹੈ ਕਿ ਕਿਤੇ ਨਾਂ ਕਿਤੇ ਰਹਿਬਰ ਵੀ ਹਉਮੈ ਦਾ ਸ਼ਿਕਾਰ ਹੋਣਗੇ ਜੋ ਇੱਕ ਦੂਜੇ ਨਾਲ ਇੱਕ-ਮੱਤ ਨਹੀਂ ਤੇ ਜਾਂ ਫਿਰ ਉਹਨਾਂ ਵਿੱਚ ਵੀ ਆਪਣੀ ਉੱਮਤ ਨੂੰ ਜਾਂ ਆਪਣੇ ਵਿਚਾਰਾਂ ਨੂੰ ਅਗਾਂਹ ਤੋਰਨ ਦੀ ਚਾਹਤ ਹੋਵੇਗੀ, ਜੋ ਵੀ ਹੈ ‘ਮੈਂ’ ਦਾ ਹੀ ਇੱਕ ਰੂਪ ਹੈ।

ਫਿਰ ਮੈਂ ਤੇ ਤੁਸੀਂ ਕੌਣ ਹੁੰਨੇ ਆ ਇੱਕ ਦੂਜੇ ’ਤੇ ਆਪਣੇ ਵਿਚਾਰ ਥੋਪਣ ਵਾਲੇ। ਭਲਾ ਕਿਉਂ ਨਾ ਇੱਕ ਦੂਜੇ ਨਾਲ ਸਿੰਗ ਫਸਾਉਣ ਦੀ ਬਜਾਏ ਚੰਗੀਆਂ ਗੱਲਾਂ ਨੂੰ ਗ੍ਰਹਿਣ ਕਰ ਬਾਕੀਆਂ ਨੂੰ ਅਣਗੌਲਿਆਂ ਕਰ ਦਿਆ ਕਰੀਏ।

ਉਪਰੋਕਤ ਲਿਖਤ ਤੋਂ ਮੇਰਾ ਮਤਲਬ ਅਵਤਾਰੀ ਪੁਰਖਾਂ ਨੂੰ ਹਉਮੈ ਗ੍ਰਸਤ ਕਹਿਣਾ ਨਹੀਂ ਤੇ ਨਾ ਹੀ ਮੈਂ ਕਾਮਰੇਡ ਜਾਂ ਨਾਸਤਿਕ ਹਾਂ, ਜੋ ‘ਰੱਬ’ ਨੂੰ ‘ਜੱਬ’ ਸਮਝਦੇ ਨੇ। ਹੋ ਸਕਦਾ ਮੇਰੇ ਸ਼ੈਤਾਨ ਮਨ ਦੇ ਵਲ਼ਵਲੇ ਹੋਣ ਜਾਂ ਗਿਆਨ ’ਚ ਵਾਧਾ ਕਰਨ ਹਿੱਤ ਲਿਖੇ ਹੋਣ ਕਿ ਕੋਈ ਸੂਝਵਾਨ ਸੱਜਣ ਕੀ ਕਮੈਂਟ ਕਰਦਾ ਹੈ

ਬਾਕੀ ਅਸੀਂ ਲੱਖ ਗੁਨਾਹਗਾਰ ਪਾਪੀ ਹੁੰਦੇ ਹੋਏ ਵੀ ਆਪਣੇ ਆਪ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਉਸ ਉਪਦੇਸ਼ ਦੇ ਵਾਰਿਸ ਸਮਝਦੇ ਹਾਂ ਜੋ ਹੈ : ਨਾਮ ਜਪੋ, ਕਿਰਤ ਕਰੋ, ਵੰਡ ਛਕੋ।

ਜਾਂ ਫਿਰ ਇੰਝ ਕਹਿ ਲਈਏ ਕਿ ਜਿਸ ਸਤਿਗੁਰ ਨੇ ਧਰਮ ਦੀ ਪਰਿਭਾਸ਼ਾ ਨੂੰ ਦੋ ਪੰਕਤੀਆਂ ਵਿੱਚ ਅੰਕਿਤ ਕਰ ਦਿੱਤਾ:-

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥**

ਸੋ ਆਓ ਅਕਾਲ ਪੁਰਖ ਦਾ ਨਾਮ ਸਦਾ ਚੇਤੇ ਰਖੀਏ ਤੇ ਨੇਕ ਕਰਮ ਕਰੀਏ। ਤੇ ਫਿਰ :

**ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥**

ਸਭ ਦਾ ਭਲਾ

**– ਅਰਪਿੰਦਰ ਸਿੰਘ ਬਿੱਟੂ ਜਰਮਨੀ**

* * * *



– ਰਣਜੀਤ ਸਿੰਘ ਦਮਦਮੀ ਟਕਸਾਲ
(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)

# ਸੰਤ ਭਿੰਡਰਾਂਵਾਲ਼ੇ ਹਿੰਦੂਆਂ ਦੇ ਵੈਰੀ ਜਾਂ ਪਰਉਪਕਾਰੀ ?

ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਜਦੋਂ ਪੰਥ ਅਤੇ ਪੰਜਾਬ ਦੇ ਹੱਕਾਂ ਤੇ ਅਜ਼ਾਦੀ ਲਈ ਝੰਡਾ ਚੁੱਕਿਆ ਤਾਂ ਭਾਰਤ ਸਰਕਾਰ, ਨੈਸ਼ਨਲ ਮੀਡੀਆ, ਫ਼ਿਰਕੂ ਹਿੰਦੁਤਵੀਆਂ, ਕਾਂਗਰਸੀ-ਭਾਜਪਾਈਆਂ ਤੇ ਹੋਰ ਸਿੱਖ ਵਿਰੋਧੀ ਲੋਕਾਂ ਨੇ ਉਹਨਾਂ ਨੂੰ ਨਿੰਦਣਾ-ਭੰਡਣਾ ਸ਼ੁਰੂ ਕਰ ਦਿੱਤਾ। ਇੰਦਰਾ ਗਾਂਧੀ, ਲਾਲ ਕ੍ਰਿਸ਼ਨ ਅਡਵਾਨੀ, ਲਾਲਾ ਜਗਤ ਨਰਾਇਣ ਤੇ ਹਰਬੰਸ ਲਾਲ ਖੰਨਾ ਨੇ ਸੰਤਾਂ ਖ਼ਿਲਾਫ਼ ਜ਼ਹਿਰ ਉਗਲਿਆ। ਉਹਨਾਂ ਨੂੰ ਹਿੰਦੂਆਂ ਦਾ ਵੈਰੀ, ਕਾਤਲ, ਦੁਸ਼ਮਣ, ਦਹਿਸ਼ਤਗਰਦ, ਅੱਤਵਾਦੀ ਆਦਿਕ ਕਿਹਾ ਗਿਆ। ਜਦ ਕਿ ਸੰਤ ਜੀ ਤਾਂ ਹਰੇਕ ਧਰਮ ਦਾ ਸਤਿਕਾਰ ਕਰਦੇ ਸਨ ਪਰ ਉਹ ਆਪਣੇ ਧਰਮ ਵਿਰੁੱਧ ਕੋਈ ਗੱਲ ਬਰਦਾਸ਼ਤ ਨਹੀਂ ਕਰਦੇ ਸਨ ਕਿਉਂਕਿ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸੱਚੇ ਸਿੱਖ ਸਨ। ਖ਼ਾਲਸੇ ਦਾ ਕਿਸੇ ਧਰਮ ਜਾਂ ਫ਼ਿਰਕੇ ਨਾਲ਼ ਵੈਰ ਨਹੀਂ, ਖ਼ਾਲਸਾ ਤਾਂ ਜਬਰ-ਜ਼ੁਲਮ ਦੇ ਖ਼ਿਲਾਫ਼ ਲੜਦਾ ਹੈ ਤੇ ਜ਼ੁਲਮ ਕਰਨ ਵਾਲ਼ਾ ਚਾਹੇ ਕਿਸੇ ਵੀ ਭੇਖ ਵਿੱਚ ਹੋਵੇ।

ਸੰਤ ਭਿੰਡਰਾਂਵਾਲ਼ੇ ਅਕਸਰ ਹੀ ਆਪਣੀ ਤਕਰੀਰਾਂ 'ਚ ਕਹਿੰਦੇ ਸਨ ਕਿ ਸਿੱਖ ਪੱਕਾ ਸਿੱਖ ਬਣੇ, ਹਿੰਦੂ ਪੱਕਾ ਹਿੰਦੂ ਬਣੇ ਤੇ ਮੁਸਲਮਾਨ ਪੱਕਾ ਮੁਸਲਮਾਨ ਬਣੇ। ਉਹ ਆਖਦੇ ਸਨ ਕਿ ਹਿੰਦੂ ਧਰਮ ਦੀਆਂ ਰਹੁ-ਰੀਤਾਂ 'ਤੇ ਪਹਿਰਾ ਦੇਣਾ ਵਾਲ਼ਾ ਹਿੰਦੂ, ਮੇਰਾ ਭਰਾ ਹੈ। ਹਿੰਦੁਸਤਾਨ ਦਾ ਪ੍ਰਸਿੱਧ ਵਕੀਲ ਰਾਮ ਜੇਠ ਮਲਾਨੀ, ਸਿਆਸੀ ਆਗੂ ਸੁਬਰਾਮਨੀਅਨ ਸਵਾਮੀ ਤੇ ਧਾਰਮਿਕ ਆਗੂ ਸਵਾਮੀ ਵਿਸ਼ਨੂੰ ਦੇਵਾਨੰਦ ਆਦਿਕ ਸੰਤਾਂ ਨੂੰ ਮਿਲਦੇ ਰਹੇ। ਅਨੇਕਾਂ ਹਿੰਦੂ ਪੱਤਰਕਾਰ ਉਹਨਾਂ ਨਾਲ਼ ਗੱਲਬਾਤ ਕਰਦੇ ਰਹੇ, ਧਰਮ ਯੁੱਧ ਮੋਰਚੇ ਦੌਰਾਨ ਹਿੰਦੂ ਔਰਤਾਂ ਵੀ ਸੰਤ ਜੀ ਨੂੰ ਮਿਲ਼ਣ ਆਉਂਦੀਆਂ ਰਹੀਆਂ, ਤਸਵੀਰਾਂ ਗਵਾਹ ਹਨ। ਉਹਨਾਂ ਨੂੰ ਤਾਂ ਸੰਤਾਂ ਨੇ ਕਦੇ ਡਰਾਇਆ-ਧਮਕਾਇਆ ਨਹੀਂ, ਨਾ ਹੀ ਕਦੇ ਉਹਨਾਂ ਹਿੰਦੂਆਂ ਨੂੰ ਸੰਤਾਂ ਤੋਂ ਡਰ ਲੱਗਾ। ਸੰਤ ਜੀ ਤਾਂ ਹਰੇਕ ਨਾਲ਼ ਬਹੁਤ ਵਧੀਆ ਵਰਤਾਉ ਕਰਦੇ ਸਨ।

ਸੰਤ ਭਿੰਡਰਾਂਵਾਲ਼ਿਆਂ ਨੂੰ ਹਿੰਦੂਆਂ ਦੇ ਵੈਰੀ ਕਹਿਣ ਵਾਲ਼ੇ ਕਦੇ ਗੁਰਦਾਸਪੁਰ ਦੀ ਜੇਲ੍ਹ 'ਚ ਉਹ ਮੰਦਰ ਵੇਖ ਕੇ ਆਉਣ ਜੋ ਉਹਨਾਂ ਦੇ ਸਾਥੀ ਬਾਬਾ ਠਾਹਰਾ ਸਿੰਘ ਤੇ ਭਾਈ ਅਮਰੀਕ ਸਿੰਘ ਨੇ ਬਣਵਾ ਕੇ ਦਿੱਤਾ ਸੀ ਤੇ ਓਸੇ ਮੰਦਰ ਵਿੱਚ ਛੇ ਹਜ਼ਾਰ ਦੀ ਮੂਰਤੀ ਸਥਾਪਿਤ ਕੀਤੀ ਤਾਂ ਜੋ ਹਿੰਦੂ-ਕੈਦੀ ਪੂਜਾ ਕਰ ਸਕਣ। ਦਮਦਮੀ ਟਕਸਾਲ ਦੇ ਬਾਬਾ ਠਾਹਰਾ ਸਿੰਘ ਨੇ ਗੁਰਦਾਸਪੁਰ ਦੀ ਜੇਲ੍ਹ ਵਿੱਚ ਗੁਰਦੁਆਰਾ ਸਾਹਿਬ ਦੀ ਖਸਤਾ ਹੋਈ ਇਮਾਰਤ ਨੂੰ ਮੁੜ ਉਸਾਰਨ ਦੇ ਨਾਲ਼-ਨਾਲ਼ ਮੰਦਰ ਦੀ ਉਸਾਰੀ ਵੀ ਕਰਵਾ ਕੇ ਦਿੱਤੀ, ਉਹਨਾਂ ਕੋਈ ਭੇਦ-ਭਾਵ ਨਹੀਂ ਕੀਤਾ, ਇਹ ਖ਼ਰਚਾ ਵੀ ਸੰਤ ਭਿੰਡਰਾਂਵਾਲ਼ਿਆਂ ਨੇ ਹੀ ਕੀਤਾ ਸੀ। ਜਦੋਂ ਹਿੰਦੂ-ਕੈਦੀਆਂ ਨੇ ਬਾਬਾ ਠਾਹਰਾ ਸਿੰਘ ਨੂੰ ਮੰਦਰ ਬਣਾਉਣ ਲਈ ਬੇਨਤੀ ਕੀਤੀ ਤਾਂ ਬਾਬਾ ਜੀ ਨੇ ਕਿਹਾ ਕਿ 'ਆਪਣਾ ਕੋਈ ਨਜ਼ਦੀਕੀ ਵਿਅਕਤੀ ਸੰਤ ਭਿੰਡਰਾਂਵਾਲ਼ਿਆਂ ਪਾਸ ਭੇਜੋ, ਜੇਕਰ ਸੰਤ ਜੀ ਆਗਿਆ ਦੇਣਗੇ ਤਾਂ ਮੈਂ ਮੰਦਰ ਬਣਾ ਦਿਆਂਗਾ।' ਗੁਰਦੁਆਰਾ ਸਾਹਿਬ ਅਤੇ ਮੰਦਰ ਬਣਾਉਣ ਦੀ ਖ਼ਬਰ ਸੰਨ 1983 ਦੇ ਅਪ੍ਰੈਲ ਮਹੀਨੇ ਅਖ਼ਬਾਰਾਂ 'ਚ ਵੀ ਛਪੀ ਸੀ। ਇਹ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਸੰਤ ਜੀ ਹਿੰਦੂ/ਸਨਾਤਨ ਧਰਮ ਦੇ ਵੈਰੀ ਨਹੀਂ ਸਨ, ਉਹਨਾਂ ਦੀ ਲੜਾਈ ਤਾਂ ਸਿਧਾਂਤਕ ਸੀ। ਹੈਰਾਨੀ ਦੀ ਗੱਲ ਹੈ ਕਿ ਜਿਸ ਸੰਤ ਨੂੰ ਹਿੰਦੂ ਮੀਡੀਆ ਅਕਸਰ ਹੀ ਟੀ.ਵੀ. ਚੈਨਲਾਂ ਤੇ ਅਖ਼ਬਾਰਾਂ 'ਚ ਹਿੰਦੂਆਂ ਦਾ ਦੁਸ਼ਮਣ ਆਖ ਕੇ ਪ੍ਰਚਾਰਦੇ ਹਨ ਉਸੇ ਸੰਤ ਨੇ ਹਿੰਦੂਆਂ ਲਈ ਮੰਦਰ ਬਣਾ ਕੇ ਦਿੱਤਾ।



ਸੰਤ ਭਿੰਡਰਾਂਵਾਲ਼ਿਆਂ ਦੇ ਨਾਲ਼ ਸੁਬਰਾਮਨੀਅਨ ਸੁਆਮੀ

ਇੱਕ ਦਿਨ ਸੰਤ ਭਿੰਡਰਾਂਵਾਲ਼ਿਆਂ ਕੋਲ ਹਰਿਦੁਆਰ ਦਾ ਰਹਿਣ ਵਾਲ਼ਾ ਪੰਡਤ ਰੋਸ਼ਨ ਲਾਲ ਆਇਆ। ਉਸ ਨੇ ਬਹੁਤ ਪਿਆਰ ਸਹਿਤ ਸੰਤਾਂ ਦੇ ਦਰਸ਼ਨ ਤੇ ਸਤਿਕਾਰ ਕੀਤਾ ਤੇ ਫਿਰ ਕੁਝ ਵਿਚਾਰਾਂ ਕਰਨ ਤੋਂ ਬਾਅਦ ਕਹਿਣ ਲੱਗਾ "ਮਹਾਂਪੁਰਸ਼ੋ! ਮੇਰੀ ਲੜਕੀ ਦਾ ਵਿਆਹ ਰੱਖਿਆ ਹੋਇਆ, ਮੈਨੂੰ ਮਾਇਆ ਦੀ ਜ਼ਰੂਰਤ ਹੈ, ਮੇਰੇ ਕਿਸੇ ਸਾਥੀ ਤੇ ਹਿੰਦੂ ਸੰਗਠਨ ਨੇ ਵੀ ਮੇਰੀ ਮਦਦ ਨਹੀਂ ਕੀਤੀ, ਹੁਣ ਤੁਸੀਂ ਹੀ ਮੇਰੀ ਬਾਂਹ ਫੜੋ, ਮੈਨੂੰ ਪਤਾ ਹੈ ਤੁਸੀਂ ਬਹੁਤ ਦਿਆਲੂ ਪੁਰਸ਼ ਹੋ ਤੇ ਅਜਿਹੇ ਕਾਰਜਾਂ ਲਈ ਵੱਧ-ਚੜ੍ਹ ਕੇ ਅੱਗੇ ਆਉਂਦੇ ਹੋ, ਮੇਰੀ ਲੜਕੀ ਨੂੰ ਆਪਣੀ ਲੜਕੀ ਜਾਣ ਕੇ ਮੇਰੀ ਝੋਲੀ 'ਚ ਕੁੱਝ ਮਾਇਆ ਪਾਓ।" ਤਾਂ ਸੰਤਾਂ ਨੇ ਕਿਹਾ "ਦੱਸੋ, ਪੰਡਤ ਜੀ ਕਿੰਨੀ ਮਦਦ ਕਰੀਏ ?" ਅੱਗੋਂ ਪੰਡਤ ਨੇ ਕਿਹਾ "ਜੈਸਾ ਆਪ ਠੀਕ ਸਮਝੋ।" ਤਾਂ ਸੰਤਾਂ ਨੇ ਆਪਣੇ ਖੀਸੇ 'ਚ ਹੱਥ ਪਾਉਂਦਿਆਂ ਕਾਫ਼ੀ ਪੈਸੇ ਕੱਢੇ ਤੇ ਬਿਨਾਂ ਗਿਣਤੀ ਕੀਤਿਆਂ ਪੰਡਤ ਨੂੰ ਫੜਾ ਦਿੱਤੇ ਤੇ ਕਿਹਾ ਕਿ "ਇਸ ਮਾਇਆ ਨੂੰ ਬੇਟੀ ਦੇ ਵਿਆਹ ਲਈ ਹੀ ਖਰਚਿਓ, ਇਸ ਨੂੰ ਕਿਸੇ ਹੋਰ ਪਾਸੇ ਫ਼ਜ਼ੂਲ ਖ਼ਰਚ ਨਾ ਕਰਿਓ।" ਪੰਡਤ ਨੇ 'ਜੀ ਮਹਾਰਾਜ' ਕਿਹਾ ਤੇ ਉਹ ਖ਼ੁਸ਼ੀ-ਖ਼ੁਸ਼ੀ ਵਾਪਸ ਮੁੜ ਗਿਆ।

ਜਦੋਂ ਕਪੂਰਥਲੇ ਦੇ ਇੱਕ ਮੰਦਰ ਨੂੰ ਕਿਸੇ ਸ਼ਰਾਰਤੀ ਨੇ ਅੱਗ ਲਾ ਦਿੱਤੀ ਤਾਂ ਇਸ ਵਿੱਚ ਹਿੰਦੂਆਂ ਦਾ ਧਾਰਮਿਕ ਗ੍ਰੰਥ ਰਾਮਾਇਣ ਵੀ ਸੜ ਗਿਆ। ਕੁਝ ਹਿੰਦੂ ਵੀਰ ਇਕੱਠੇ ਹੋ ਕੇ ਸੰਤ ਭਿੰਡਰਾਂਵਾਲ਼ਿਆਂ ਕੋਲ਼ ਆਏ ਤੇ ਸਾਰੀ ਘਟਨਾ ਦੱਸੀ। ਫਿਰ ਕਹਿਣ ਲੱਗੇ ਕਿ 'ਸੰਤ ਜੀ! ਅਸੀਂ ਇਸ ਸੰਬੰਧ ਵਿੱਚ ਅਦਾਲਤ ਵਿੱਚ ਕੇਸ ਲਾਇਆ ਹੈ, ਸਾਡੀ ਮਾਇਕੀ ਮਦਦ ਕੀਤੀ ਜਾਵੇ।' ਸੰਤ ਭਿੰਡਰਾਂਵਾਲ਼ਿਆਂ ਨੇ ਨਵੀਂ ਰਾਮਾਇਣ ਲਿਆਉਣ ਅਤੇ ਵਕੀਲ ਦੀ ਫ਼ੀਸ ਲਈ ਪੰਜ ਹਜ਼ਾਰ ਰੁਪਏ ਦੀ ਸਹਾਇਤਾ ਕੀਤੀ। ਸੰਤ ਜੀ ਕਹਿੰਦੇ ਸਨ ਕਿ ਕਿਸੇ ਵੀ ਧਰਮ ਦੇ ਗ੍ਰੰਥ ਦੀ ਬੇਅਦਬੀ ਨਹੀਂ ਹੋਣੀ ਚਾਹੀਦੀ। ਕਿਸੇ ਦੁਸ਼ਟ ਵੱਲੋਂ ਰਾਮਾਇਣ ਦੀ ਕੀਤੀ ਬੇਅਦਬੀ ਕਾਰਨ ਸੰਤਾਂ ਦਾ ਦਿਲ ਬੇਹੱਦ ਦੁਖੀ ਹੋਇਆ ਸੀ। ਇਸੇ ਲਈ ਉਹ ਸਪਸ਼ਟ ਆਖਦੇ ਸਨ ਕਿ "ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਦਾ, ਕਿਸੇ ਦੀ ਵੀ ਧੀ-ਭੈਣ ਦੀ ਇੱਜ਼ਤ ਲੁੱਟਦਾ ਉਸ ਨੂੰ ਸੋਧ ਕੇ ਮੇਰੇ ਕੋਲ਼ ਆਓ, ਮੈਂ ਸਾਂਭਾਂਗਾ।"

ਧਰਮ ਯੁੱਧ ਮੋਰਚੇ ਦੇ ਰਸਤਾ ਰੋਕੋ ਪ੍ਰੋਗਰਾਮ ਦੌਰਾਨ ਜਦੋਂ ਕੁਝ ਵਿਅਕਤੀ ਸ਼ਹੀਦ ਹੋ ਗਏ ਤਾਂ ਉਹਨਾਂ ਵਿੱਚ ਦੋ ਹਿੰਦੂ ਵੀ ਮਾਰੇ ਗਏ, ਇੱਕ ਪਟਿਆਲੇ ਦਾ ਅਤੇ ਦੂਜਾ ਮਲੇਰਕੋਟਲੇ ਦਾ ਸੀ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਦਮਦਮੀ ਟਕਸਾਲ ਵੱਲੋਂ ਉਹਨਾਂ ਦੇ ਪਰਿਵਾਰਾਂ ਨੂੰ ਪੰਜ-ਪੰਜ ਹਜ਼ਾਰ ਰੁਪਏ ਦਿੱਤੇ ਤੇ ਹਰਚੰਦ ਸਿੰਘ ਲੌਂਗੋਵਾਲ ਨੂੰ ਕਹਿ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਉਹਨਾਂ ਦੇ ਪਰਿਵਾਰਾਂ ਦੀ ਦਸ-ਦਸ ਹਜ਼ਾਰ ਰੁਪਏ ਮਦਦ ਹੋਰ ਕਰਵਾਈ। ਇਸ ਤੋਂ ਬਾਅਦ ਸੰਤਾਂ ਨੇ ਇਹ ਵੀ ਕਿਹਾ ਕਿ "ਮੋਰਚੇ ਦੌਰਾਨ 200 ਦੇ ਕਰੀਬ ਸਿੰਘਾਂ ਦੀ ਸ਼ਹੀਦੀ ਹੋ ਚੁੱਕੀ ਹੈ ਪਰ ਕਦੇ ਕਿਸੇ ਹਿੰਦੂ ਆਗੂ ਜਾਂ ਹਿੰਦੂ ਸੰਸਥਾ ਨੇ ਸਿੰਘਾਂ ਦੇ ਪਰਿਵਾਰਾਂ ਦੀ ਇੱਕ ਰੁਪਏ ਵੀ ਮਦਦ ਨਹੀਂ ਕੀਤੀ, ਅਸੀਂ ਮਦਦ ਮੰਗਦੇ ਵੀ ਨਹੀਂ। ਸਾਡੀ ਲੜਾਈ ਕਿਸੇ ਆਮ ਹਿੰਦੂ ਨਾਲ਼ ਨਹੀਂ, ਬਲਕਿ ਉਹਨਾਂ ਹਿੰਦੁਤਵੀ

ਹੁਕਮਰਾਨਾਂ ਨਾਲ਼ ਹੈ ਜੋ ਸਿੱਖ ਕੌਮ ਦੀ ਹਸਤੀ ਮਿਟਾਉਣਾ ਚਾਹੁੰਦੇ ਨੇ, ਸਾਡੇ ਨਾਲ਼ ਧੱਕੇਸ਼ਾਹੀਆਂ ਤੇ ਵਿਤਕਰੇ ਕਰ ਰਹੇ ਨੇ, ਸਾਨੂੰ ਗ਼ੁਲਾਮ ਬਣਾਉਣ ’ਤੇ ਤੁਲੇ ਹੋਏ ਨੇ, ਤੇ ਸਾਡੇ ਹੱਕ ਮਾਰ ਰਹੇ ਨੇ।”

ਨਵੰਬਰ 1981 ਦੀ ਗੱਲ ਹੈ। ਜਦੋਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਸ਼ਹਿਰ ਜਲਾਲਾਬਾਦ ਵਿਖੇ ਗੁਰਦੁਆਰਾ ਸਿੰਘ ਸਭਾ ’ਚ ਧਰਮ ਪ੍ਰਚਾਰ ਕਰ ਰਹੇ ਸਨ ਤਾਂ ਦੀਵਾਨ ਵਿੱਚ ਇੱਕ ਹੁਕਮ ਚੰਦ ਨਾਂ ਦਾ ਹਿੰਦੂ ਆਇਆ ਤੇ ਸੰਤ ਜੀ ਅੱਗੇ ਧਾਹਾਂ ਮਾਰ ਕੇ ਰੋਣ ਲੱਗਾ। ਸੰਤਾਂ ਨੇ ਪੁੱਛਿਆ ਕਿ “ਕੀ ਗੱਲ ਹੋਈ ?” ਤਾਂ ਉਸ ਨੇ ਕਿਹਾ ਕਿ “ਮੈਂ ਸਿੱਖਾਂ ਦਾ ਇਤਿਹਾਸ ਪੜ੍ਹਿਆ-ਸੁਣਿਆ ਹੈ, ਅਠਾਰ੍ਹਵੀਂ ਸਦੀ ’ਚ ਸਿੱਖ ਜੋ ਹਿੰਦੂਆਂ ਦੀਆਂ ਬਹੂ-ਬੇਟੀਆਂ ਮੁਗਲਾਂ-ਅਫ਼ਗਾਨਾਂ ਦੀ ਕੈਦ ’ਚੋਂ ਛੁਡਾ ਕੇ ਲਿਆਉਂਦੇ ਸਨ, ਇੱਜ਼ਤਾਂ ਬਚਾਉਂਦੇ ਸਨ ਤੇ ਸਹੀ-ਸਲਾਮਤ ਘਰੀਂ ਪਹੁੰਚਾਉਂਦੇ ਸਨ। ਸੰਤ ਜੀ ਮੇਰੇ ਗ਼ਰੀਬ ਦੀ ਜਵਾਨ ਧੀ ਨੂੰ ਇੱਕ ਲਾਲ ਚੰਦ ਨਾਂ ਦਾ ਗੁੰਡਾ ਜਬਰੀ ਚੁੱਕ ਕੇ ਲੈ ਗਿਆ ਹੈ। ਪੁਲਸੀਏ ਅਤੇ ਸਰਕਾਰੀ ਅਧਿਕਾਰੀ ਵੀ ਉਸ ਬਦਮਾਸ਼ ਦੀ ਵੱਡੀ ਪਹੁੰਚ ਹੋਣ ਕਰਕੇ ਮੇਰੀ ਮਦਦ ਨਹੀਂ ਕਰ ਰਹੇ, ਮੇਰੀ ਧੀ ਦੀ ਇੱਜ਼ਤ ਨੂੰ ਛੇਤੀ ਬਚਾਓ।”

ਇਹ ਗੱਲ ਸੁਣਦੇ ਸਾਰ ਸੰਤ ਜੀ ਜੋਸ਼ ਨਾਲ਼ ਭਰ ਗਏ ਤੇ ਉਹਨਾਂ ਨੇ ਭਾਈ ਮਹਿੰਦਰ ਸਿੰਘ ਸਾਂਈਆਂ ਵਾਲ਼ੇ ਦੀ ਜ਼ਿੰਮੇਵਾਰੀ ਲਾਈ, ਆਪਣੀ ਗੱਡੀ ਅਤੇ ਨਾਲ਼ ਕੁਝ ਸਿੰਘ ਭੇਜੇ ਤੇ ਕਿਹਾ ਕਿ “ਸ਼ਾਮ ਦੇ ਪੰਜ ਵਜੇ ਤਕ ਉਸ ਲਾਲ ਚੰਦ ਜ਼ਾਲਮ ਨੂੰ ਖ਼ਾਲਸਈ ਹੱਥ ਵਿਖਾ ਕੇ ਹੁਕਮ ਚੰਦ ਦੀ ਧੀ ਨੂੰ ਛੁਡਾ ਕੇ ਘਰ ਪਹੁੰਚਾਓ।” ਭਾਈ ਮਹਿੰਦਰ ਸਿੰਘ ਜੋ ਸੰਤਾਂ ਦਾ ਬਚਨ ਮੰਨ ਕੇ ਤੁਰੰਤ ਹੀ ਹੁਕਮ ਚੰਦ ਨਾਲ਼ ਉਸ ਟਿਕਾਣੇ ਉੱਤੇ ਪਹੁੰਚਿਆ ਤੇ ਉਸ ਨੇ ਆਪਣੀ ਜਾਨ ਜੋਖ਼ਮ ’ਚ ਪਾ ਕੇ ਲਾਲ ਚੰਦ ਬਦਮਾਸ਼ ਨਾਲ਼ ਟੱਕਰ ਲੈਂਦਿਆਂ ਉਸ ਹਿੰਦੂ ਲੜਕੀ ਨੂੰ ਛੁਡਾਇਆ ਤੇ ਉਸ ਦੇ ਪਿਤਾ ਹੁਕਮ ਚੰਦ ਦੇ ਹਵਾਲੇ ਕੀਤੀ। ਇਸ ਗੱਲ ਤੋਂ ਸਹਿਜੇ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੇ ਸੰਤ ਜੀ ਹਿੰਦੂਆਂ ਦੇ ਦੁਸ਼ਮਣ ਹੁੰਦੇ ਤਾਂ ਉਹ ਹਿੰਦੂ ਦੀ ਧੀ ਨੂੰ ਛੁਡਾਉਣ ਲਈ ਐਨੇ ਉਤਾਵਲੇ ਕਿਉਂ ਹੁੰਦੇ! ਕਦੇ ਉਸ ਧੀ ਜਾਂ ਉਸ ਦੇ ਪਿਤਾ ਤੋਂ ਜਾ ਕੇ ਪੁੱਛਿਓ ਕਿ ਸੰਤ ਜੀ ਹਿੰਦੂਆਂ ਦੇ ਦੁਸ਼ਮਣ ਸਨ ? ਤੁਹਾਨੂੰ ਖ਼ੁਦ ਜਵਾਬ ਮਿਲ ਜਾਏਗਾ।

ਇੱਕ ਦਿਨ ਇੱਕ ਗਰੀਬ ਹਿੰਦੂ ਜੋ ਸੰਤ ਭਿੰਡਰਾਂਵਾਲ਼ਿਆਂ ਕੋਲ਼ ਆ ਕੇ ਕਹਿਣ ਲੱਗਾ “ਸੰਤ ਜੀ ਮੇਰੀ ਲੜਕੀ ਨੂੰ ਇੱਕ ਮੁਸ਼ਟੰਡਾ ਚੁੱਕ ਕੇ ਲੈ ਗਿਆ ਹੈ ਤੇ ਉਹ ਵਿਆਹ ਲਈ ਜ਼ੋਰ ਪਾ ਰਿਹਾ ਹੈ, ਕਿਰਪਾ ਕਰਕੇ ਮੇਰੀ ਲੜਕੀ ਵਾਪਸ ਕਰਵਾਓ।” ਤਾਂ ਸੰਤਾਂ ਨੇ ਤੁਰੰਤ ਉਸ ਜ਼ਿਲ੍ਹੇ ਦੇ ਐਸ.ਐਸ.ਪੀ. ਨੂੰ ਫ਼ੋਨ ਕੀਤਾ ਤੇ ਕਿਹਾ “ਇਸ ਗ਼ਰੀਬ ਨਾਲ਼ ਧੱਕਾ ਹੋਇਆ ਹੈ, ਇਸ ਦੀ ਲੜਕੀ ਉਸ ਹੁੱਲੜਬਾਜ਼ ਤੋਂ ਤੁਰੰਤ ਵਾਪਸ ਕਰਵਾਓ, ਨਹੀਂ ਤਾਂ ਕੱਲ੍ਹ ਨੂੰ ਅਸੀਂ ਖ਼ੁਦ ਆ ਕੇ ਕਾਰਵਾਈ ਪਾਵਾਂਗੇ।” ਕੁਝ ਘੰਟਿਆਂ ਬਾਅਦ ਹੀ ਐਸ.ਐਸ.ਪੀ. ਨੇ ਫ਼ੋਨ ਕਰਕੇ ਦੱਸਿਆ ਕਿ ਲੜਕੀ ਵਾਪਸ ਕਰਵਾ ਦਿੱਤੀ ਹੈ ਤੇ ਦੋਸ਼ੀਆਂ ’ਤੇ ਕੇਸ ਦਰਜ ਕਰਕੇ ਸਜ਼ਾ ਵੀ ਦੇ ਰਹੇ ਹਾਂ, ਸੰਤ ਜੀ ਹੋਰ ਹੁਕਮ ਕਰੋ।” ਅਜਿਹੇ ਮਹਾਨ ਅਤੇ ਪਰਉਪਕਾਰੀ ਸੰਤ ਨੂੰ ਹਿੰਦੂਆਂ ਦਾ ਦੁਸ਼ਮਣ ਕਹਿਣਾ ਪਾਪ ਅਤੇ ਗ਼ੁਨਾਹ ਹੈ।



ਸੰਤ ਭਿੰਡਰਾਂਵਾਲ਼ਿਆਂ ਦੇ ਨਾਲ਼ ਦਰਬਾਰ ਸਾਹਿਬ ਦੀਆਂ ਪਰਕਰਮਾ ਕਰਦਾ ਹੋਇਆ ਇੱਕ ਬਜ਼ੁਰਗ ਹਿੰਦੂ

ਇਸੇ ਤਰ੍ਹਾਂ ਹੋਰ ਵੀ ਅਨੇਕਾਂ ਘਟਨਾਵਾਂ ਹਨ ਜਿਸ ਨੂੰ ਪੜ੍ਹ-ਸੁਣ ਕੇ ਤੁਸੀਂ ਹੈਰਾਨ ਹੋ ਜਾਓਗੇ। ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਦੀ ਗੱਲ ਹੈ। ਇੱਕ ਕੈਲਾਸ਼ ਚੰਦਰ ਨਾਂ ਦਾ ਹਿੰਦੂ ਜਿਸ ਦੀ ਕਰਿਆਨੇ ਦੀ ਦੁਕਾਨ ਬਿਜਲੀ ਦੀਆਂ ਤਾਰਾਂ ਤੋਂ ਅੱਗ ਲੱਗਣ ਕਾਰਨ ਸੜ ਗਈ। ਉਸ ਨੂੰ ਕੁਝ ਅਖੌਤੀ ਸ਼ਿਵ ਸੈਨਿਕ ਕਹਿਣ ਲੱਗੇ ਕਿ ‘ਤੂੰ ਪੁਲਿਸ ਕੋਲ਼ ਭਿੰਡਰਾਂਵਾਲ਼ੇ ਦੇ ਬੰਦਿਆਂ ਦਾ ਨਾਂ ਲੈ ਦੇ।’ ਪਰ ਕੈਲਾਸ਼ ਚੰਦਰ ਉਹਨਾਂ ਦੀਆਂ ਗੱਲਾਂ ’ਚ ਨਾ ਆਇਆ ਤੇ ਉਹ ਸਿੱਧਾ ਸ੍ਰੀ ਦਰਬਾਰ ਸਾਹਿਬ ਲੰਗਰ ਹਾਲ ਦੀ ਛੱਤ ’ਤੇ ਸੰਤਾਂ ਕੋਲ਼ ਪਹੁੰਚਿਆ ਤੇ ਸਾਰੀ ਘਟਨਾ ਦੱਸੀ ਅਤੇ ਨਾਲ਼ ਹੀ ਕਿਹਾ ਕਿ “ਮੇਰੇ ਰੁਜ਼ਗਾਰ ਦਾ ਏਹੀ ਸਾਧਨ ਸੀ, ਸੰਤ ਜੀ ਹੁਣ ਤੁਸੀਂ ਹੀ ਮੇਰੀ ਕੁਝ ਮਦਦ ਕਰੋ ਤੇ ਤੁਹਾਡੇ ਕਾਰਨ ਹੋਰ ਸਿੱਖ ਵੀ ਮੇਰੀ ਮਦਦ ਕਰਨਗੇ ਤੇ ਮੈਂ ਉਗਰਾਹੀ ਕਰਕੇ ਨਵੇਂ ਸਿਰਿਓਂ ਦੁਕਾਨ ਚਲਾ ਲਵਾਂਗਾ।” ਸੰਤਾਂ ਨੇ ਉਸ ਨੂੰ ਪੰਜ ਸੌ ਰੁਪਏ ਦਿੱਤੇ ਤੇ ਕਿਹਾ “ਹੋਰ ਦੱਸ ਕਿੰਨੇ ਚਾਹੀਦੇ ਨੇ ?” ਉਸ ਨੇ ਕਿਹਾ “ਸੰਤ ਜੀ! ਤੁਹਾਡੇ ਵੱਲੋਂ ਦਿੱਤੀ ਇਹ ਮਾਇਆ ਬੇਅੰਤ ਹੈ ਤੇ ਹੁਣ ਮੈਂ ਹੋਰ ਪਾਸਿਓਂ ਉਗਰਾਹੀ ਕਰ ਲਵਾਂਗਾ।”

ਸੰਤ ਭਿੰਡਰਾਂਵਾਲ਼ਿਆਂ ਦੀ ਸ਼ਖ਼ਸੀਅਤ ਐਨੀ ਪ੍ਰਭਾਵਸ਼ਾਲੀ ਸੀ ਕਿ ਉਹ ਲੋਕਾਂ ਦੇ ਘਰੇਲੂ ਮਸਲੇ ਵੀ ਮਿੰਟਾਂ ’ਚ ਹੱਲ ਕਰ ਦਿੰਦੇ ਸਨ। ਉਹਨਾਂ ਨੇ ਸਿੱਖਾਂ ਅਤੇ ਹਿੰਦੂਆਂ ਦੀ ਅਨੇਕਾਂ ਲੜਕੀਆਂ ਵੀ ਵਸਾਈਆਂ ਜਿਨ੍ਹਾਂ ਨੂੰ ਉਹਨਾਂ ਦੇ ਸਹੁਰੇ ਪਰਿਵਾਰ ਦਾਜ ਲਈ ਤੰਗ-ਪ੍ਰੇਸ਼ਾਨ ਤੇ ਕੁੱਟ-ਮਾਰ ਕਰਦੇ ਸਨ। ਇੱਕ ਦਿਨ ਗੁਰੂ ਨਾਨਕ ਨਿਵਾਸ ਵਿਖੇ ਸੋਮ ਪ੍ਰਕਾਸ਼ ਨਾਂ ਦਾ ਇੱਕ ਹਿੰਦੂ ਸੰਤ ਭਿੰਡਰਾਂਵਾਲ਼ਿਆਂ ਕੋਲ਼ ਆਇਆ। ਇਤਿਫ਼ਾਕ ਉਸੇ ਦਿਨ ਹੀ ਭਾਰਤੀ ਜਨਤਾ ਪਾਰਟੀ ਦੇ ਆਗੂ ਸੁਆਮੀ ਸੁਬਰਾਮਨੀਅਨ ਅਤੇ ਸੁਪਰੀਮ ਕੋਰਟ ਦੇ ਉੱਘੇ ਵਕੀਲ ਰਾਮ ਜੇਠ ਮਲਾਨੀ ਵੀ ਦਿੱਲੀ ਤੋਂ ਕੁਝ ਹੋਰ ਆਗੂਆਂ ਨਾਲ਼ ਸੰਤਾਂ ਨੂੰ ਮਿਲ਼ਣ ਆਏ ਹੋਏ ਸਨ। ਸੋਮ ਪ੍ਰਕਾਸ਼ ਦਾ ਚਿਹਰਾ ਮੁਰਝਾਇਆ ਹੋਇਆ ਸੀ ਤੇ ਉਹ ਸੰਤਾਂ ਨੂੰ ਹੱਥ ਜੋੜ ਕੇ ਬੇਨਤੀ ਕਰਨ ਲੱਗਾ ‘ਮਹਾਂਪੁਰਸ਼ੋ ਮੇਰੀ ਮਦਦ ਕਰੋ, ਮੇਰੀ ਧੀ ਨੂੰ ਉਸ ਦਾ ਸਹੁਰਾ ਪਰਿਵਾਰ ਦਾਜ ਨਾ ਦੇਣ ਕਰਨ ਬਹੁਤ ਤੰਗ ਕਰਦਾ ਹੈ, ਮਾਰਦਾ-ਕੁੱਟਦਾ ਹੈ, ਮੈਨੂੰ ਡਰ ਹੈ ਕਿਤੇ ਉਹ ਮੇਰੀ ਬੇਟੀ ਨੂੰ ਮਾਰ ਹੀ ਨਾ ਦੇਣ।”

ਸੰਤਾਂ ਨੇ ਭਾਈ ਕੇਹਰ ਸਿੰਘ ਟਾਂਡਾ (ਹੁਸ਼ਿਆਰਪੁਰ) ਦੀ ਜ਼ਿੰਮੇਵਾਰੀ ਲਾਈ ਤੇ ਉਸ ਨੇ ਤੁਰੰਤ ਜਾ ਕੇ ਗੱਡੀ ’ਚ ਸਹੁਰੇ ਪਰਿਵਾਰ ਨੂੰ ਬਿਠਾ ਲਿਆਂਦਾ। ਸੰਤ ਭਿੰਡਰਾਂਵਾਲ਼ਿਆਂ ਨੇ ਉਸ ਹਿੰਦੂ ਲੜਕੀ ਦੇ ਸਹੁਰਿਆਂ ਨੂੰ ਕਿਹਾ ਕਿ “ਇਹ ਅੱਜ ਤੋਂ ਹਿੰਦੂਆਂ ਦੀ ਧੀ ਨਹੀਂ, ਮੇਰੀ ਧੀ ਹੈ, ਦੱਸੋ ਤੁਹਾਨੂੰ ਕਿੰਨਾ ਦਾਜ ਚਾਹੀਦਾ ਹੈ ?” ਸੰਤਾਂ ਨੇ ਆਪਣੇ ਖੀਸੇ ’ਚ ਹੱਥ ਪਾਉਂਦਿਆਂ ਕਿਹਾ “ਦੱਸੋ, ਤੁਹਾਨੂੰ ਕਿੰਨੇ ਪੈਸੇ ਚਾਹੀਦੇ ਨੇ, ਤੁਹਾਡਾ ਘਰ ਭਰ ਦਿਆਂਗੇ ਪਰ ਇਸ ਨੂੰ ਤੰਗ ਨਾ ਕਰੋ।” ਸ਼ਰਮਸਾਰ ਹੋਇਆ ਸਹੁਰਾ ਪਰਿਵਾਰ ਸੰਤਾਂ ਕੋਲ਼ ਮਾਫ਼ੀਆਂ ਮੰਗਣ ਲੱਗਾ ਕਿ ‘ਅੱਗੇ ਤੋਂ ਕੋਈ ਸ਼ਿਕਾਇਤ ਨਹੀਂ ਆਏਗੀ।’ ਤੇ ਮੁੜ ਉਹਨਾਂ ਨੇ ਕਦੇ ਉਸ ਲੜਕੀ ਨੂੰ ਤੰਗ ਨਾ ਕੀਤਾ ਤੇ ਉਹ ਓਸੇ ਘਰ ਵਿੱਚ ਸੁਖੀ ਵੱਸਦੀ ਰਹੀ। ਕਦੇ ਉਸ ਲੜਕੀ ਦੇ ਪਰਿਵਾਰ ਨੂੰ ਮਿਲ਼ਿਓ ਤੇ ਪੁੱਛਿਓ ਕਿ ਸੰਤ ਜੀ ਹਿੰਦੂਆਂ ਦੇ ਵੈਰੀ ਸਨ ? ਇਹ ਘਟਨਾ ਵੇਖ ਕੇ ਤਾਂ ਸੁਆਮੀ ਸੁਬਰਾਮਨੀਅਨ, ਰਾਮ ਜੇਠ ਮਲਾਨੀ ਤੇ ਹੋਰ ਵਿਅਕਤੀ ਵੀ ਹੈਰਾਨ ਹੋ ਗਏ ਸਨ ਕਿ ਸਰਕਾਰ ਤਾਂ ਸੰਤਾਂ ਨੂੰ ਹਿੰਦੂਆਂ ਦੇ ਦੁਸ਼ਮਣ ਪ੍ਰਚਾਰ ਰਹੀ ਹੈ, ਪਰ ਸੰਤ ਜੀ ਤਾਂ ਹਿੰਦੂਆਂ ਦੀ ਮਦਦ ਕਰ ਰਹੇ ਹਨ। ਸੁਆਮੀ ਸੁਬਰਾਮਨੀਅਨ ਅਕਸਰ ਹੀ ਆਪਣੇ ਭਾਸ਼ਣ ਅਤੇ ਮੀਡੀਆ ’ਚ ਇਹ ਗੱਲ ਆਖਦੇ ਹਨ ਕਿ ਸੰਤ ਭਿੰਡਰਾਂਵਾਲੇ ਹਿੰਦੂਆਂ ਦੇ ਦੁਸ਼ਮਣ ਤੇ ਅੱਤਵਾਦੀ ਨਹੀਂ ਸਨ।

ਜਦੋਂ ਧਰਮ ਯੁੱਧ ਮੋਰਚਾ ਪੂਰੇ ਸ਼ਾਂਤਮਈ ਢੰਗ ਨਾਲ਼ ਚੱਲ ਰਿਹਾ ਸੀ ਤਾਂ ਹਿੰਦ ਸਰਕਾਰ ਅਤੇ ਜਨੂੰਨੀ ਹਿੰਦੂਤਵੀਆਂ ਨੇ ਇਸ ਮੋਰਚੇ ਨੂੰ ਬਦਨਾਮ ਅਤੇ

ਤਾਰਪੀਡੋ ਕਰਨ ਦੇ ਅਨੇਕਾਂ ਯਤਨ ਕੀਤੇ। ਕਦੇ ਸੰਤ ਭਿੰਡਰਾਂਵਾਲ਼ਿਆਂ ਦੇ ਨਾਮ ਉੱਤੇ ਸ਼ਹਿਰੀ ਹਿੰਦੂਆਂ ਨੂੰ ਧਮਕੀ ਭਰੇ ਪੱਤਰ ਲਿਖ ਦੇਣੇ, ਕਦੇ ਮੰਦਰਾਂ ਵਿੱਚ ਗਾਂਵਾਂ ਦੇ ਸਿਰ ਤੇ ਪੂਛਾਂ ਵੱਢ ਕੇ ਸੁੱਟ ਦੇਣੀਆਂ, ਕਦੇ ਕੋਈ ਹੋਰ ਹਰਕਤ ਕਰ ਦੇਣੀ। ਸੰਤ ਜੀ ਇਹਨਾਂ ਘਟਨਾਵਾਂ ਦਾ ਪੁਰਜ਼ੋਰ ਵਿਰੋਧ ਕਰਦੇ ਰਹੇ। ਇਹਨਾਂ ਘਟਨਾਵਾਂ ਦੇ ਮੱਦੇਨਜ਼ਰ ਕਈ ਹਿੰਦੂ ਵੀਰ ਸੱਚਾਈ ਜਾਣਨ ਲਈ ਸੰਤਾਂ ਕੋਲ਼ ਆਉਂਦੇ ਰਹੇ, ਸੰਤ ਜੀ ਉਹਨਾਂ ਨੂੰ ਸੰਤੁਸ਼ਟ ਕਰਕੇ ਭੇਜਦੇ ਰਹੇ। ਉਹਨਾਂ ਹਿੰਦੂਆਂ ਨੂੰ ਤਾਂ ਸੰਤਾਂ ਕੋਲ਼ੋਂ ਕੋਈ ਡਰ ਨਹੀਂ ਸੀ ਲੱਗਾ ਉਹ ਤਾਂ ਸੰਤਾਂ ਦੇ ਬਚਨ ਸੁਣ ਕੇ ਕਾਇਲ ਤੇ ਨਿਹਾਲ ਹੋ ਜਾਂਦੇ ਸਨ, ਸੰਤ ਜੀ ਅਧਿਆਤਮਕ-ਰੂਹਾਨੀਅਤ ਭਰਪੂਰ ਸ਼ਖ਼ਸੀਅਤ ਸਨ। ਉਹ ਕਿਸੇ ਦੇ ਖ਼ਿਲਾਫ਼ ਨਹੀਂ ਬਲਕਿ ਸੱਚ ਦੇ ਪਹਿਰੇਦਾਰ ਸਨ।

ਸੰਤ ਭਿੰਡਰਾਂਵਾਲ਼ਿਆਂ ਨੇ ਅਨੇਕਾਂ ਹਿੰਦੂਆਂ ਦੇ ਮਸਲੇ ਹੱਲ ਕਰਵਾਏ ਇਹ ਗੱਲ ਮੈਨੂੰ ਖ਼ੁਦ ਇੱਕ ਅੰਮ੍ਰਿਤਸਰ ਦੇ ਹਿੰਦੂ 'ਭੂਤ ਨਾਥ' ਨੇ ਦੱਸੀ। ਉਸ ਨੇ ਦੱਸਿਆ ਕਿ ਅਦਾਲਤਾਂ-ਥਾਣਿਆਂ 'ਚ ਜਿਹੜੇ ਮਸਲੇ ਕਈ-ਕਈ ਸਾਲਾਂ ਤੋਂ ਹੱਲ ਨਹੀਂ ਸਨ ਹੁੰਦੇ ਉਹ ਸੰਤ ਭਿੰਡਰਾਂਵਾਲ਼ੇ ਦਸ ਮਿੰਟਾਂ 'ਚ ਹੱਲ ਕਰ ਦਿੰਦੇ ਸਨ। ਸੰਤਾਂ ਦੇ ਦਰਸ਼ਨ ਕਰਕੇ ਮਨ ਨੂੰ ਬੜੀ ਸ਼ਾਂਤੀ ਮਿਲਦੀ ਸੀ। ਅੰਮ੍ਰਿਤਸਰ ਦੇ ਇੱਕ ਹੋਰ ਹਿੰਦੂ ਵੀਰ ਭੂਸ਼ਣ ਕੁਮਾਰ (ਜੋ ਸਾਬਤ-ਸੂਰਤ ਸਰੂਪ 'ਚ ਹੈ) ਨੇ ਮੈਨੂੰ ਦੱਸਿਆ ਕਿ "ਮੈਂ ਕਈ ਵਾਰ ਸੰਤਾਂ ਨੂੰ ਮਿਲ਼ਿਆ, ਜੇ ਸੰਤ ਜੀ ਹਿੰਦੂਆਂ ਦੇ ਦੁਸ਼ਮਣ ਹੁੰਦੇ ਤਾਂ ਮੈਨੂੰ ਨਾ ਮਾਰ ਦਿੰਦੇ, ਸੰਤ ਜੀ ਤਾਂ ਸਾਡੀ ਮਦਦ ਕਰਦੇ ਸਨ।" ਇੱਕ ਤਸਵੀਰ 'ਚ ਸੰਤ ਭਿੰਡਰਾਂਵਾਲ਼ੇ ਇੱਕ ਹਿੰਦੂ ਬੱਚੇ ਨੂੰ ਨਕਦ ਇਨਾਮ ਦੇ ਰਹੇ ਹਨ ਤੇ ਦੂਜੀ ਤਸਵੀਰ 'ਚ ਇੱਕ ਹਿੰਦੂ ਦੇ ਗਲ 'ਚ ਹਾਰ ਪਾ ਰਹੇ ਹਨ।

ਇੱਕ ਵਾਰ ਗੁਰੂ ਨਾਨਕ ਨਿਵਾਸ 'ਚ ਸੰਤ ਭਿੰਡਰਾਂਵਾਲ਼ਿਆਂ ਨੂੰ ਮਿਲ਼ ਕੇ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਛੋਟੇ ਕਾਰਖਾਨੇਦਾਰ ਹਿੰਦੂਆਂ ਨੇ ਆਪਣੀਆਂ ਮੁਸ਼ਕਿਲਾਂ ਦੱਸੀਆਂ ਤੇ ਮਦਦ ਲਈ ਬੇਨਤੀ ਕੀਤੀ ਕਿਉਂਕਿ ਸਰਕਾਰ ਵੱਲੋਂ ਸਾਜ਼ਿਸ਼ ਅਧੀਨ ਵਿਗਾੜੇ ਜਾ ਰਹੇ ਪੰਜਾਬ ਦੇ ਮਹੌਲ ਕਾਰਨ ਉਹ ਆਪਣਾ ਕੰਮ ਛੱਡਣ ਲਈ ਮਜ਼ਬੂਰ ਹੋ ਰਹੇ ਸਨ। ਸੰਤਾਂ ਨੇ ਉਹਨਾਂ ਨੂੰ ਕਿਹਾ ਕਿ "ਤੁਹਾਡੇ ਨਾਲ਼ ਸਾਡਾ ਕੋਈ ਵਿਰੋਧ ਨਹੀਂ, ਤੁਸੀਂ ਨਿਸ਼ਚਿੰਤ ਹੋ ਕੇ ਕੰਮ ਕਰੋ, ਜੇ ਕੋਈ ਦਿੱਕਤ-ਪ੍ਰੇਸ਼ਾਨੀ ਆਏਗੀ ਤਾਂ ਅਸੀਂ ਤੁਹਾਡੀ ਤੁਰੰਤ ਮਦਦ ਕਰਾਂਗੇ।" ਸੰਤਾਂ ਨਾਲ਼ ਮਿਲ਼ ਕੇ ਉਹਨਾਂ ਹਿੰਦੂਆਂ ਨੇ ਬਹੁਤ ਖ਼ੁਸ਼ੀ ਅਤੇ ਤਸੱਲੀ ਮਹਿਸੂਸ ਕੀਤੀ ਤੇ ਕਿਹਾ ਕਿ ਅਸੀਂ ਤਾਂ ਸਰਕਾਰ ਦੀਆਂ ਗੱਲਾਂ 'ਚ ਆ ਕੇ ਐਵੇਂ ਹੀ ਸੰਤਾਂ ਨੂੰ ਹਿੰਦੂਆਂ ਦਾ ਵਿਰੋਧੀ ਮੰਨੀ ਬੈਠੇ ਸੀ।

ਇਸੇ ਤਰ੍ਹਾਂ ਭਾਈ ਮੋਹਰ ਸਿੰਘ ਜੋ ਪਹਿਲਾਂ ਬ੍ਰਾਹਮਣ ਪਰਿਵਾਰ ਨਾਲ਼ ਸੰਬੰਧਤ ਸਨ ਤੇ ਉਹਨਾਂ ਦਾ ਪਹਿਲਾਂ ਨਾਂ ਦੱਤ ਪਾਲ ਸੀ। ਦੱਤ ਪਾਲ ਨੇ ਗੁਰਦੁਆਰਾ ਬਾਬਾ ਬਕਾਲਾ ਸਾਹਿਬ ਵਿਖੇ ਦਮਦਮੀ ਟਕਸਾਲ ਦੇ ਤੇਰ੍ਹਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਕਥਾ ਸੁਣ ਕੇ ਖੰਡੇ-ਬਾਟੇ ਦਾ ਅੰਮ੍ਰਿਤ ਛਕ ਲਿਆ। ਫਿਰ ਗਿਆਨੀ ਮੋਹਰ ਸਿੰਘ ਨੇ ਚੌਦ੍ਹਵੇਂ ਮੁਖੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਅਗਵਾਈ 'ਚ ਸੇਵਾ ਕਰਨੀ ਸ਼ੁਰੂ ਕਰ ਦਿੱਤੀ, ਉਹ 13 ਅਪ੍ਰੈਲ 1978 ਦੇ ਸਾਕੇ ਵਿੱਚ ਜ਼ਖ਼ਮੀ ਵੀ ਹੋਏ। ਫਿਰ ਜੂਨ 1984 ਦੇ ਘੱਲੂਘਾਰੇ ਵਿੱਚ ਸੰਤ ਭਿੰਡਰਾਂਵਾਲ਼ਿਆਂ ਦੇ ਨਾਲ਼ ਹੀ ਜੂਨ 1984 ਦੇ ਘੱਲੂਘਾਰੇ ਵਿੱਚ ਭਾਰਤੀ ਫ਼ੌਜਾਂ ਵਿਰੁੱਧ ਜੂਝਦਿਆਂ ਆਪਣੇ ਪਰਿਵਾਰ ਸਮੇਤ ਸ਼ਹਾਦਤ ਦਾ ਜਾਮ ਪੀ ਗਏ। ਭਾਈ ਮੋਹਰ ਸਿੰਘ ਦਾ ਮੋਰਚਾ ਪ੍ਰਕਰਮਾ ਵਿੱਚ ਬੁੰਗਾ ਸ਼ਹੀਦ ਬਾਬਾ ਦੀਪ ਸਿੰਘ ਵਾਲ਼ੇ ਸਥਾਨ ਕੋਲ਼ ਸੀ। ਜਦੋਂ 5 ਜੂਨ ਦੀ ਰਾਤ ਨੂੰ ਟੈਂਕ ਦਾਖ਼ਲ ਹੋਏ ਤਾਂ ਉਹਨਾਂ ਆਪਣੀ ਛੋਟੀ ਉਮਰ ਦੀਆਂ ਧੀਆਂ ਸਤਿਨਾਮੁ ਕੌਰ ਤੇ ਵਾਹਿਗੁਰੂ ਕੌਰ ਦੇ ਸਰੀਰਾਂ ਉੱਤੇ ਬਰੂਦ ਬੰਨ੍ਹ ਕੇ ਟੈਂਕ ਉੱਤੇ ਛਾਲਾਂ ਮਰਵਾਈਆਂ ਤੇ ਟੈਂਕ ਨਕਾਰਾ ਕਰ ਦਿੱਤਾ। ਓਥੇ ਹੀ ਭਾਈ ਸਾਹਿਬ ਦੀ ਸਿੰਘਣੀ ਬੀਬੀ ਪ੍ਰੀਤਮ ਕੌਰ ਨੇ ਵੀ ਸ਼ਹੀਦੀ ਪਾਈ। ਘੱਲੂਘਾਰੇ ਤੋਂ ਬਾਅਦ ਗਿਆਨੀ ਮੋਹਰ ਸਿੰਘ ਦੇ ਦੋਵੇਂ ਭਾਣਜੇ (ਜੋ ਹਿੰਦੂ ਤੋਂ ਸਿੰਘ ਸਜੇ ਸਨ) ਭਾਈ ਬਖ਼ਸ਼ੀਸ਼ ਸਿੰਘ ਕਲਯੁੱਗ ਤੇ ਭਾਈ ਪ੍ਰੇਮ ਸਿੰਘ ਵੀ ਖ਼ਾਲਿਸਤਾਨੀ ਸੰਘਰਸ਼ ਵਿੱਚ ਜੂਝ ਕੇ ਸ਼ਹਾਦਤਾਂ ਪਾ ਗਏ। ਜੇ ਸੰਤ ਭਿੰਡਰਾਂਵਾਲ਼ੇ ਹਿੰਦੂਆਂ ਦੇ ਦੁਸ਼ਮਣ ਹੁੰਦੇ ਤਾਂ ਇਹ ਪਰਿਵਾਰ ਹਿੰਦੂ ਤੋਂ ਸਿੰਘ ਬਣ ਕੇ ਆਪਣੀਆਂ ਜਾਨਾਂ ਸਿੱਖੀ ਦੇ ਲੇਖੇ ਕਿਉਂ ਲਾਉਂਦੇ ?

ਸੰਤ ਭਿੰਡਰਾਂਵਾਲ਼ਿਆਂ ਅਤੇ ਉਹਨਾਂ ਦੇ ਟਕਸਾਲੀ ਜਥੇ ਦਾ ਪ੍ਰਚਾਰ ਸੁਣ ਕੇ ਨੌਜਵਾਨਾਂ ਦੇ ਸਿਰਾਂ ਉੱਤੇ ਦਸਤਾਰਾਂ ਅਤੇ ਲੜਕੀਆਂ ਦੇ ਸਿਰਾਂ ਉੱਤੇ ਚੁੰਨੀਆਂ-ਕੇਸਕੀਆਂ ਆ ਜਾਂਦੀਆਂ ਸਨ, ਨਸ਼ਿਆਂ ਅਤੇ ਹੋਰ ਅਲਾਮਤਾਂ ਤੋਂ ਲੋਕ ਦੂਰ ਹੋ ਕੇ ਧਰਮੀ ਬਣ ਜਾਂਦੇ ਸਨ। ਇੱਕ ਹਿੰਦੂ ਪੰਡਿਤ ਜਗਦੀਸ਼ ਰਾਏ ਦੇ ਪੁੱਤਰ ਅਸ਼ੋਕ ਕੁਮਾਰ ਨੇ ਸੰਤਾਂ ਦਾ ਪ੍ਰਭਾਵ ਐਨਾ ਕਬੂਲਿਆ ਕਿ ਉਹ ਵੀ ਅੰਮ੍ਰਿਤ ਛਕਣ ਲਈ ਤਿਆਰ-ਬਰ-ਤਿਆਰ ਹੋ ਗਿਆ। ਅੰਮ੍ਰਿਤ ਸੰਚਾਰ ਵਾਲ਼ੇ ਜਥੇ ਨੇ ਉਸ ਦੀ ਪਰਖ਼ ਕਰਨ ਤੇ ਦ੍ਰਿੜਤਾ ਵੇਖਣ ਲਈ ਕਿਹਾ ਕਿ "ਅੰਮ੍ਰਿਤ ਛਕ ਕੇ ਰਹਿਤ ਰੱਖਣੀ ਪੈਣੀ ਹੈ ਤੇ ਜੇ ਕੋਈ ਅੰਮ੍ਰਿਤ ਛਕ ਕੇ ਰਹਿਤ ਨਾ ਰੱਖੇ ਤਾਂ ਅਸੀਂ ਬਹੁਤ ਕਰੜੀ ਸਜ਼ਾ ਦਿੰਦੇ ਹਾਂ, ਮਿੱਟੀ ਦਾ ਤੇਲ ਪਾ ਕੇ ਜਿਉਂਦੇ ਨੂੰ ਅੱਗ ਲਾ ਦਿੰਦੇ ਹਾਂ।"

ਅਸ਼ੋਕ ਕੁਮਾਰ ਨੇ ਕਮਾਲ ਕਰ ਵਿਖਾਇਆ। ਉਸ ਨੇ ਤੁਰੰਤ ਮਿੱਟੀ ਦੇ ਤੇਲ ਦਾ ਪੀਪਾ ਭਰ ਕੇ ਲਿਆਂਦਾ ਤੇ ਕਿਹਾ "ਖ਼ਾਲਸਾ ਜੀ! ਜੇ ਮੈਂ ਮਰਯਾਦਾ ਨਾ ਨਿਭਾਵਾਂਗਾ ਤਾਂ ਮੈਨੂੰ ਜਿਊਣ ਦਾ ਕੋਈ ਹੱਕ ਨਹੀਂ, ਮੈਨੂੰ ਤੇਲ ਪਾ ਕੇ ਸਾੜ ਦਿਓ।"

ਸੰਗਤ ਜੀ! ਤੁਸੀਂ ਹੈਰਾਨ ਹੋਵੋਗੇ। ਏਹੀ ਅਸ਼ੋਕ ਕੁਮਾਰ ਜੋ ਅੰਮ੍ਰਿਤ ਛਕ ਕੇ ਭਾਈ ਹਰਦੇਵ ਸਿੰਘ ਬਣਿਆ, ਸੰਤਾਂ ਦੀ ਸੰਗਤ ਵਿੱਚ ਰਿਹਾ, ਧਰਮ ਯੁੱਧ ਮੋਰਚੇ 'ਚ ਸਰਗਰਮੀ ਕੀਤੀ ਤੇ ਫਿਰ ਸੰਤ ਭਿੰਡਰਾਂਵਾਲ਼ਿਆਂ ਦੇ ਨਾਲ਼ ਹੀ ਸ੍ਰੀ ਦਰਬਾਰ ਸਾਹਿਬ ਦੀ ਅਜ਼ਮਤ ਦੀ ਰਾਖੀ ਕਰਦਿਆਂ ਆਪਣਾ ਸੀਸ ਵਾਰ ਗਿਆ। ਅਸ਼ੋਕ ਕੁਮਾਰ ਨੂੰ ਪਤਾ ਲੱਗ ਗਿਆ ਸੀ ਕਿ ਸੰਤਾਂ ਦੀ ਲੜਾਈ ਹਿੰਦੂਆਂ ਨਾਲ਼ ਨਹੀਂ ਬਲਕਿ ਹਿੰਦ ਸਰਕਾਰ ਨਾਲ਼ ਹੈ। ਹਿੰਦੂ ਪਰਿਵਾਰਾਂ ਵਿੱਚੋਂ ਭਾਈ ਹਰਦੇਵ ਸਿੰਘ ਭੋਲੀ ਪੰਡਤ ਅਤੇ ਭਾਈ ਅਜੀਤ ਸਿੰਘ ਫ਼ਿਰੋਜ਼ਪੁਰ ਨੇ ਵੀ ਘੱਲੂਘਾਰੇ 'ਚ ਜੂਝ ਕੇ ਸ਼ਹਾਦਤਾਂ ਪਾਈਆਂ।

ਅੱਜ ਵੀ ਜਿਹੜੇ ਹਿੰਦੁਤਵੀਏ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦਾ ਵਿਰੋਧ ਕਰਦੇ ਹਨ, ਉਹਨਾਂ ਦੀਆਂ ਤਸਵੀਰਾਂ ਵੇਖ ਕੇ ਕੰਬਦੇ ਹਨ, ਪੁਤਲੇ ਸਾੜਦੇ ਹਨ, ਮੰਦੀ ਸ਼ਬਦਾਵਲੀ ਬੋਲਦੇ ਹਨ ਉਹਨਾਂ ਦੀ ਸੌੜੀ ਸੋਚ ਅਤੇ ਬਿਮਾਰ ਮਾਨਸਿਕਤਾ 'ਤੇ ਤਰਸ ਆਉਂਦਾ ਹੈ। ਸੰਤਾਂ ਦੀ ਸ਼ਖ਼ਸੀਅਤ ਨੂੰ ਧੁੰਦਲੀ ਕਰਨ ਦਾ ਯਤਨ ਕਰਨ ਵਾਲ਼ੇ ਖ਼ੁਦ ਆਪਣਾ ਜਲੂਸ ਕਢਵਾ ਰਹੇ ਹਨ ਪਰ ਸੰਤ ਜੀ ਤਾਂ ਦਿਨੋਂ-ਦਿਨ ਸੂਰਜ ਵਾਂਗ ਚਮਕਦੇ ਜਾਂਦੇ ਹਨ, ਸਿਆਣੇ ਅਤੇ ਸਮਝਦਾਰ ਹਿੰਦੂ ਉਹਨਾਂ ਦਾ ਸਤਿਕਾਰ ਕਰਦੇ ਹਨ ਤੇ ਸ੍ਰੀ ਦਰਬਾਰ ਸਾਹਿਬ 'ਚ ਸਥਿਤ ਉਹਨਾਂ ਦੇ ਅਸਥਾਨ ਗੁਰਦੁਆਰਾ ਸ਼ਹੀਦੀ ਯਾਦਗਾਰ ਵਿਖੇ ਨਤਮਸਤਕ ਹੁੰਦੇ ਹਨ। ਧਰਮ ਯੁੱਧ ਮੋਰਚੇ ਸਮੇਂ ਸੰਤ ਭਿੰਡਰਾਂਵਾਲ਼ਿਆਂ ਵੱਲੋਂ ਹਿੰਦੂਆਂ ਬਾਰੇ ਦਿੱਤੇ ਬਿਆਨਾਂ 'ਤੇ ਅਗਲੇ ਲੇਖ ਵਿੱਚ ਹੋਰ ਵਿਚਾਰ ਪੇਸ਼ ਕਰਾਂਗਾ।

* * * *



ਸੰਤ ਭਿੰਡਰਾਂਵਾਲ਼ਿਆਂ ਨਾਲ਼ ਗੱਲਬਾਤ ਕਰਨ ਸਮੇਂ ਇੱਕ ਹਿੰਦੂ ਪੱਤਰਕਾਰ

– ਪ੍ਰਭਸਰਵਣ ਸਿੰਘ ਮੌਂਟਰੀਅਲ (ਕੈਨੇਡਾ)

# ਅਕਾਲੀ ਫੂਲਾ ਸਿੰਘ ਦੇ ਵਾਰਸ ਅਖਵਾਉਣ ਵਾਲ਼ੇ ਤਾਂ ਬਥੇਰੇ ਨੇ ਪਰ ਉਸ ਵਰਗੇ ਇੱਕ ਅਕਾਲੀ ਦੀ ਘਾਟ ਹੈ

ਸਿੱਖ ਇਤਿਹਾਸ ਦਾ ਛੋਟਾ ਜਿਹਾ ਵਿਦਿਆਰਥੀ ਹੋਣ ਦੇ ਨਾਤੇ ਮੈਂ ਵਿਦਵਾਨਾਂ ਪਾਸੋਂ ਸੁਣਿਆ ਹੈ ਕਿ ਜਦੋਂ ਸਿੱਖਾਂ ਦਾ ਆਪਣਾ ਰਾਜ ਸੀ ਤਾਂ ਇੱਕ ਦਿਨ 'ਸਿੱਖਾਂ ਦੇ ਦੇਸ਼' ਪੰਜਾਬ ਦਾ ਬਾਦਸ਼ਾਹ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਲਾਹੌਰ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਵੱਲ ਨੂੰ ਆ ਰਹੇ ਸਨ ਅਤੇ ਸਫ਼ਰ ਦੌਰਾਨ ਆਪਣੇ ਲੋਕਾਂ ਨਾਲ ਮਿਲਦੇ, ਉਹਨਾਂ ਦੇ ਦੁੱਖ-ਸੁੱਖ ਸੁਣਦੇ, ਉਹਨਾਂ ਨਾਲ ਵਿਚਾਰ-ਵਟਾਂਦਰੇ ਕਰਦੇ ਹੋਏ ਅੱਗੇ ਵੱਧ ਰਹੇ ਸਨ। ਜਾਂਦਿਆਂ ਓਸੇ ਰਸਤੇ ਵਿੱਚ ਕੋਈ ਨਾਚ-ਗਾਣਾ ਚੱਲ ਰਿਹਾ ਸੀ ਤਾਂ ਜਦੋਂ ਉਸ ਨਾਚੀ ਦੀ ਨਿਗਾਹ ਲੰਘ ਰਹੇ ਕਾਫ਼ਲੇ ਵੱਲ ਪਈ ਅਤੇ ਉਸ ਨੇ ਉਸ ਕਾਫ਼ਲੇ ਵਿੱਚ ਹਾਥੀ 'ਤੇ ਅਸਵਾਰ ਪੰਜਾਬ ਦੇ ਬਾਦਸ਼ਾਹ ਨੂੰ ਵੇਖਿਆ ਤਾਂ ਉਸ ਨੇ ਕੁਝ ਅਲਫਾਜ਼ ਸ਼ੇਰ-ਏ-ਪੰਜਾਬ ਦੀ ਸ਼ੋਭਾ ਵਿੱਚ ਕਹੇ ਜਾਂ ਗਾਏ, ਤਾਂ ਕਹਿੰਦੇ ਹਨ ਕਿ ਮਹਾਰਾਜਾ ਸਾਹਬ ਕੁਝ ਕੁ ਪਲ ਓਥੇ ਰੁਕੇ ਅਤੇ ਅੱਗੇ ਚੱਲ ਪਏ। ਇਹ ਵੀ ਕਿਹਾ ਜਾਂਦਾ ਹੈ ਕੇ ਉਸ ਨਾਚੀ ਵੱਲੋਂ ਸਿੱਖ ਰਾਜ ਦੀ ਸ਼ੋਭਾ ਵਿੱਚ ਵਰਤੇ ਲਫ਼ਜ਼ ਸੁਣਨ ਉਪਰੰਤ ਪੰਜਾਬ ਦੇ ਬਾਦਸ਼ਾਹ ਨੇ ਉਸ ਨੂੰ ਕੁਝ ਇਨਾਮ ਵੀ ਦਿੱਤਾ।



ਜਥੇਦਾਰ ਅਕਾਲੀ ਫੂਲਾ ਸਿੰਘ ਜੀ ਨੂੰ ਫ਼ਤਹਿ ਬੁਲਾਉਂਦੇ ਹੋਏ ਮਹਾਰਾਜਾ ਰਣਜੀਤ ਸਿੰਘ

ਬੇਸ਼ਕ ਉਹ ਔਰਤ ਇੱਕ ਕੁਰੀਤੀ ਦਾ ਹੀ ਸ਼ਿਕਾਰ ਸੀ ਪਰ ਜਦੋਂ ਉਸ ਨੇ ਵੇਖਿਆ ਕੇ ਪੰਜਾਬ ਦਾ ਬਾਦਸ਼ਾਹ ਉਸ ਦੇ ਸਾਹਮਣਿਓਂ ਦੀ ਲੰਘ ਰਿਹਾ ਹੈ ਤਾਂ ਉਸ ਨੇ ਆਪਣੇ ਬਾਦਸ਼ਾਹ 'ਤੇ ਮਾਣ ਕਰਦਿਆਂ ਆਪਣੀ ਅਕੀਦਤ ਦੇ ਫੁੱਲ ਭੇਟ ਕਰਨ ਲਈ ਕੁਝ ਸਤਿਕਾਰਤ ਲਫ਼ਜ਼ ਵਰਤੇ।

ਪਰ ਓਸ ਕਾਫ਼ਲੇ ਵਿੱਚ ਆ ਰਹੇ ਗੁਰੂ ਕਲਗੀਧਰ ਜੀ ਦੇ ਖ਼ਾਸ ਰੂਪ ਖ਼ਾਲਸੇ ਇੱਕ ਨਿਹੰਗ ਸਿੰਘ ਨੂੰ ਇਹ ਗੱਲ ਨਾ ਜਚੀ, ਉਸ ਨੇ ਆਪਣੇ ਘੋੜੇ ਨੂੰ ਅੱਡੀ ਲਾਈ ਤੇ ਉਹ ਸਿੱਧਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਪਹੁੰਚਿਆ ਅਤੇ ਇਹ ਸਾਰੀ ਵਾਰਤਾ ਦੀ ਸ਼ਿਕਾਇਤ ਸਿੰਘ ਸਾਹਿਬ ਅਕਾਲੀ ਬਾਬਾ ਫੂਲਾ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਆਣ ਕੀਤੀ।

ਦੂਸਰੇ ਪਾਸੇ ਸ਼ੇਰ-ਏ-ਪੰਜਾਬ ਨੇ ਪੜਾਅ-ਦਰ-ਪੜਾਅ ਆਪਣੀ ਪਰਜਾ ਨੂੰ ਮਿਲਦਿਆਂ ਹੋਇਆਂ ਆਉਣਾ ਸੀ ਤੇ ਜਦੋਂ ਉਹ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ ਤਾਂ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਕੇ ਕੋੜੇ ਮਾਰਨ ਤਕ ਦੀ ਸਜ਼ਾ ਸੁਣਾਈ ਗਈ। ਜਿਸ ਦੇ ਵਿਸਥਾਰ ਦੀ ਲੋੜ ਨਹੀਂ ਹੈ ਕਿਉਂਕਿ ਇਸ ਇਤਿਹਾਸਕ ਵਾਕਿਆ ਤੋਂ ਆਪਾਂ ਤਕਰੀਬਨ ਸਾਰੇ ਹੀ ਜਾਣੂੰ ਹਾਂ। ਇਸ ਤਰ੍ਹਾਂ ਦੇ ਹੋਰ ਵੀ ਬੇਅੰਤ ਵਾਕਿਆਤ ਮਿਲਦੇ ਹਨ, ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਰਵਉੱਚਤਾ ਨੂੰ ਕਾਇਮ ਰੱਖਦਿਆਂ ਹੋਇਆਂ ਓਥੋਂ ਦੇ ਜਥੇਦਾਰ ਸਾਹਿਬਾਨਾਂ ਨੇ ਕਿਸੇ ਵੱਡੇ ਤੋਂ ਵੱਡੇ ਖੱਬੀ-ਖ਼ਾਨ ਦੀ ਕੋਈ ਕਾਣ-ਕਣੌੜ ਨਹੀਂ ਮੰਨੀ ਅਤੇ ਛੇਵੇਂ ਪਾਤਸ਼ਾਹ ਜੀ ਦੇ ਤਖ਼ਤ ਸਾਹਿਬ ਜੀ ਦੀ ਸਰਵਉੱਚਤਾ ਨੂੰ ਕਾਇਮ ਰੱਖਿਆ। ਜੋ ਕਿ ਸਮੇਂ ਦੇ ਹੁਕਮਰਾਨਾਂ ਨੂੰ ਕਦੇ ਵੀ ਨਹੀਂ ਸੀ ਭਾਉਂਦਾ ਅਤੇ ਉਹ ਹਰ ਹੀਲੇ ਇਸ ਦੀ ਮਾਣ-ਮਰਿਆਦਾ ਨੂੰ ਢਾਹ ਲਾਉਣ ਦੀ ਅਸਫਲ ਕੋਸ਼ਿਸ਼ ਕਰਦੇ ਰਹੇ।

ਜੇ ਅੱਜ ਦੇ ਸਮੇਂ ਦੀ ਗੱਲ ਕਰੀਏ ਤਾਂ ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਜੀ ਅਜਨੋਹਾ ਸਾਹਿਬ ਹੁਰਾਂ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਬਣਨ ਤੋਂ ਪਹਿਲਾਂ ਦਾ ਜ਼ਮੀਨ ਨੂੰ ਲੈ ਕੇ ਕੋਈ ਮਾਮਲਾ ਦੁਨਿਆਵੀ ਅਦਾਲਤ ਵਿੱਚ ਚੱਲ ਰਿਹਾ ਸੀ ਪਰ ਜਦੋਂ ਉਹ ਇਸ ਅਹੁਦੇ 'ਤੇ ਬਿਰਾਜਮਾਨ ਹੋਏ ਤਾਂ ਉਹਨਾਂ ਨੇ ਕਿਹਾ ਕੇ ਹੁਣ ਮੈਂ ਛੇਵੇਂ ਪਾਤਸ਼ਾਹ ਜੀ ਦੇ ਤਖ਼ਤ ਸਾਹਿਬ ਜੀ ਦਾ ਜਥੇਦਾਰ ਹਾਂ ਅਤੇ ਕਿਸੇ ਵੀ ਦੁਨਿਆਵੀ ਅਦਾਲਤ ਵਿੱਚ ਨਹੀਂ ਜਾਵਾਂਗਾ।

ਇਸ ਦੇ ਉਲ਼ਟ ਛੇਵੇਂ ਪਾਤਸ਼ਾਹ ਜੀ ਵੱਲੋਂ ਸਿਰਜੇ ਦਿੱਲੀ ਦੇ ਤਖ਼ਤ ਤੋਂ ਬਾਹਰੀ ਰੂਪ ਵਿੱਚ ਵੀ ਉੱਚੇ ਅਤੇ ਉਸ ਅਕਾਲ ਦੇ ਤਖ਼ਤ 'ਤੇ ਵੱਖ-ਵੱਖ ਸਮਿਆਂ ਵਿੱਚ ਹਿੰਦੁਸਤਾਨ ਦੇ ਗ੍ਰਹਿ ਮੰਤਰੀ ਬੂਟਾ ਸਿਹੁੰ ਅਤੇ ਰਾਸ਼ਟਰਪਤੀ ਜ਼ੈਲ ਸਿਹੁੰ ਨੂੰ ਵੀ ਤਲਬ ਕਰ ਕੇ ਸਜ਼ਾਵਾਂ ਸੁਣਾਈਆਂ ਗਈਆਂ। ਜਿਸ ਤੋਂ ਭੈ-ਭੀਤ ਹੋ ਕੇ ਭਾਰਤੀ ਹਕੂਮਤ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸ਼ਕਤੀ ਅਤੇ ਮਾਣ-ਮਰਿਯਾਦਾ ਨੂੰ ਢਾਹ ਲਾਉਣ ਲਈ ਹਰ ਹੀਲਾ ਅਤੇ ਕੋਝੇ ਤੋਂ ਕੋਝਾ ਹੱਥਕੰਡਾ ਵਰਤਿਆ। ਜਿਸ ਵਿੱਚ ਉਹ ਹਾਲ ਦੀ ਘੜੀ ਕਾਫੀ ਹੱਦ ਤਕ ਕਾਮਯਾਬ ਵੀ ਹੋ ਗਏ ਪ੍ਰਤੀਤ ਹੁੰਦੇ ਹਨ। ਜਿਸ ਦੇ ਵਿਸਥਾਰ ਵਿੱਚ ਜਾਣ ਦੀ ਲੋੜ ਨਹੀਂ ਨਤੀਜੇ ਆਪਣੇ ਸਾਹਮਣੇ ਹੀ ਹਨ।

ਖ਼ੈਰ ! ਜਿਸ ਮੁੱਦੇ ਵੱਲ ਮੈਂ ਆਪ ਜੀ ਦਾ ਧਿਆਨ ਲਿਆਉਣਾ ਚਾਹੁੰਦਾ ਹਾਂ ਕਿ ਭਾਵੇਂ ਉਹ ਪੜਨ-ਸੁਣਨ ਵਿੱਚ ਬੜਾ ਹਲਕਾ ਜਿਹਾ ਲੱਗੇਗਾ ਪਰ ਜਿਸ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਨੂੰ ਪੰਜਾਬ ਦੇਸ਼ ਦੇ ਬਾਦਸ਼ਾਹ ਵੱਲੋਂ ਕੁਝ ਕੁ ਪਲ ਵੀ ਕਿਸੇ ਨਾਚ-ਗਾਣੇ ਲਾਗੇ ਰੁਕਣਾ ਬਰਦਾਸ਼ਤ ਨਹੀਂ ਸੀ ਹੋਇਆ ਤੇ ਉਸ ਨੂੰ ਕੋੜੇ ਮਾਰਨ ਦੀ ਸਜ਼ਾ ਸੁਣਾ ਦਿੱਤੀ ਸੀ, ਅੱਜ ਹਾਲਾਤ ਵੇਖੋ ਕਿ ਓਸੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਉੱਪਰ ਉਹ ਲੋਕ ਜਾ ਕੇ ਆਪਣਾ ਪੱਖ ਰੱਖਣਾ ਚਾਹੁੰਦੇ ਨੇ, ਜਿਹੜੇ ਮੂੰਹ 'ਤੇ ਦਾਹੜੇ ਰੱਖ ਕੇ ਤੇ ਸਿਰ ਉੱਤੇ ਦਸਤਾਰ ਸਜਾ ਕੇ ਕੇਵਲ ਪੈਸੇ ਅਤੇ ਸ਼ੋਹਰਤ ਦੀ ਖ਼ਾਤਰ ਆਪਣੀ ਬੰਦ ਕਮਰੇ ਦੀ ਬਣਾਈ ਅਸ਼ਲੀਲ ਵੀਡੀਓ ਜਨਤਕ ਹੋ ਜਾਣ ਦੇ ਬਾਅਦ ਵੀ ਆਵਦੀ ਪਤਨੀ ਨੂੰ ਬਹੁਤ ਥੋੜੇ ਕੱਪੜੇ ਪਵਾ ਕੇ ਉਸ ਨਾਲ ਅਸ਼ਲੀਲ ਹਰਕਤਾਂ ਕਰਦੇ ਹੋਏ ਹੋਰ ਲਗਾਤਾਰ ਵੀਡੀਓ ਬਣਾਈ ਜਾ ਰਹੇ ਹਨ ਅਤੇ ਕਹਿੰਦੇ ਹਨ ਕਿ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਜਾ ਕੇ ਆਪਣਾ ਪੱਖ ਰੱਖਾਂਗੇ ਕਿ "ਜੇ ਸਾਡੀ ਗ਼ਲ਼ਤੀ ਹੈ ਤਾਂ ਸਾਨੂੰ ਸਜ਼ਾ ਦਿੱਤੀ ਜਾਵੇ?"

ਮਤਲਬ ਅੱਜ ਮੰਜ਼ਰ ਵੇਖੋ ਕੀ ਹੈ ਕਿ ਇੱਕ ਪਾਸੇ ਤਾਂ ਸਾਡੇ ਤਖ਼ਤ ਸਾਹਿਬ ਜੀ ਦਾ ਸ਼ਾਨਾਂਮੱਤਾ ਇਤਿਹਾਸ ਹੈ ਕਿ ਕੁਝ ਕੁ ਪਲ ਨਾਚ ਵੇਖਣ ਵਾਲੇ ਪੰਜਾਬ ਦੇ ਬਾਦਸ਼ਾਹ ਨੂੰ ਵੀ ਓਥੋਂ ਕੋੜੇ ਮਾਰਨ ਦੀ ਸਜ਼ਾ ਅਤੇ ਦੂਸਰੇ ਪਾਸੇ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਟੱਪਣ ਵਾਲੇ ਅਤੇ ਆਪ ਖ਼ੁਦ ਸਿਰੇ ਦੀ ਅਸ਼ਲੀਲਤਾ-ਗੰਦਗੀ ਅਤੇ ਲੱਚਰਤਾ ਫੈਲਾਉਣ ਵਾਲੇ ਕਹਿ ਰਹੇ ਹਨ ਕਿ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਾ ਕੇ ਆਪਣਾ ਪੱਖ ਰੱਖਾਂਗੇ ਕੇ "ਜੇ ਸਾਡੀ ਗਲਤੀ ਹੈ ਤਾਂ ਸਜ਼ਾ ਦਿਓ।"

ਕਮੀਨਗੀ ਦੀ ਵੀ ਕੋਈ ਹੱਦ ਹੁੰਦੀ ਐ, ਏਨੇ ਸਭ ਦੇ ਬਾਵਜੂਦ ਵੀ 'ਜੇ ਗਲਤੀ !'

ਲਿਖਤ ਲੰਬੀ ਹੋਣ ਦੇ ਡਰੋਂ ਕੇਵਲ ਇੱਕ ਘਟਨਾ

ਸਾਂਝੀ ਕਰ ਕੇ ਮੈਂ ਆਪਣੇ ਵਿਚਾਰ ਸੰਕੋਚਦਾ ਹਾਂ ਕਿ ਅਕਾਲੀ ਬਾਬਾ ਫੂਲਾ ਸਿੰਘ ਜੀ ਵੱਲੋਂ ਸ਼ੇਰ-ਏ-ਪੰਜਾਬ ਨੂੰ ਦਿੱਤੀ ਗਈ ਸਜ਼ਾ ਵਾਲ਼ੀ ਘਟਨਾ ਤੋਂ ਬਾਅਦ ਕੁਝ ਗੁਰਮੁਖ ਪਿਆਰੇ ਅਕਾਲੀ ਸਾਹਿਬ ਜੀ ਨੂੰ ਮਿਲੇ ਅਤੇ ਬੇਨਤੀ ਕੀਤੀ ਕਿ "ਜਥੇਦਾਰ ਸਾਹਿਬ ਜੀ ਕੀ ਸ਼ੇਰ-ਏ-ਪੰਜਾਬ ਦੀ ਸੱਚਮੁੱਚ ਏਡੀ ਵੱਡੀ ਗ਼ਲਤੀ ਸੀ, ਜਿੱਡੀ ਉਹਨਾਂ ਨੂੰ ਸਜ਼ਾ ਦਿੱਤੀ ਗਈ ਹੈ?" ਤਾਂ ਜਿਹੜਾ ਜਵਾਬ ਅਕਾਲੀ ਸਾਹਿਬ ਜੀ ਨੇ ਦਿੱਤਾ ਉਹ ਸੁਣ ਕੇ ਤੇ ਅੱਜ ਦੇ ਸਾਡੇ ਹਾਲਾਤ ਵੇਖ ਕੇ ਸੱਚੀਓਂ ਕਾਲਜਾ ਮੂੰਹ ਨੂੰ ਆਉਂਦਾ ਹੈ।

ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਕਹਿਣ ਲੱਗੇ "ਸਿੰਘੋ! ਗੱਲ 'ਸਹੇ ਦੀ ਨਹੀ ਪਹੇ ਦੀ ਹੈ..।' ਮਸਲਾ ਇਹ ਨਹੀਂ ਕਿ ਪੰਜਾਬ ਦੇ ਬਾਦਸ਼ਾਹ ਦੀ ਗ਼ਲਤੀ ਕਿੰਨੀ ਹੈ, ਸਗੋਂ ਮਸਲਾ ਇਹ ਹੈ ਕਿ ਅੱਜ ਬਾਦਸ਼ਾਹ ਨੇ ਨਾਚ ਵੇਖਿਆ ਹੈ ਤੇ ਕੱਲ੍ਹ ਨੂੰ ਇਹਦੇ ਵਜ਼ੀਰ ਵੇਖਣਗੇ, ਫਿਰ ਹੋਰ ਅਹਿਲਕਾਰ, ਫਿਰ ਇਲਾਕੇ ਤੇ ਪਿੰਡਾਂ ਦੇ ਚੌਧਰੀ ਤੇ ਹੌਲੀ-ਹੌਲੀ ਆਮ ਲੋਕ..। ਤੇ ਮੈਂ ਗੁਰਾਂ ਦੇ ਨਾਂ 'ਤੇ ਵੱਸਦੇ ਪੰਜਾਬ ਨੂੰ ਮੁਜਰਾਖ਼ਾਨਾ ਨਹੀਂ ਬਣਨ ਦੇਣਾ..।"

ਪਰ ਕੌਣ ਅਕਾਲੀ ਸਾਹਿਬ ਜੀ ਨੂੰ ਅਵਾਜ ਮਾਰ ਕੇ ਕਹੇ ਕਿ "ਸਿੰਘ ਸਾਹਿਬ ਜੀਓ! ਅੱਜ ਤਾਂ ਪੰਜਾਬ ਵਿੱਚ ਖ਼ੁਦ ਮੁਜਰਾ ਕਰਨ ਵਾਲੇ ਲੋਕ ਓਸੇ ਹੀ ਤਖ਼ਤ ਸਾਹਿਬ 'ਤੇ ਜਾ ਕੇ ਆਵਦੇ ਕੰਜਰਖ਼ਾਨੇ ਦਾ ਪੱਖ ਰੱਖਣ ਦੀਆਂ ਗੱਲਾਂ ਕਰ ਰਹੇ ਹਨ।"

ਕੀ ਸਾਡੇ ਅੱਜ ਦੇ ਆਪਣੇ-ਆਪ ਨੂੰ ਸਿੰਘ ਸਾਬ੍ਹ ਅਖਵਾਉਣ ਵਾਲੇ ਕਦੇ ਕੋਈ ਕਰੜਾ ਫ਼ੈਸਲਾ ਲੈ ਸਕਣਗੇ?

ਪਰ ਅਫਸੋਸ! ਅਸੀਂ ਆਮ ਲੋਕ ਵੀ ਕੇਵਲ ਗੁਰਦੁਆਰਾ ਸਾਹਿਬਾਨਾਂ ਉੱਤੇ ਕਬਜ਼ੇ ਕਰਨ ਅਤੇ ਇਸ ਘੜੰਮ-ਚੌਧਰਾਂ ਰੂਪੀ ਕੜੀਆਂ-ਕਮੇਟੀਆਂ ਦੀਆਂ ਮੈਂਬਰੀਆਂ ਲੈਣ ਜਾਂ ਰੱਖਣ ਨੂੰ ਹੀ ਬਹੁਤ ਵੱਡੀ ਸੇਵਾ ਸਮਝੀ ਬੈਠੇ ਹਾਂ ਅਤੇ ਸਾਡਾ ਸਾਰਾ ਜ਼ੋਰ ਇਸੇ 'ਤੇ ਹੀ ਲੱਗਾ ਹੋਇਆ ਹੈ ਤੇ ਕੌਮੀ ਸੰਦਰਭ ਵਿੱਚ ਅਸੀਂ ਕੀ 'ਖ਼ਾਕ' ਸੋਚਾਂਗੇ?

ਅਕਾਲ ਪੁਰਖ ਵਾਹਿਗੁਰੂ ਸਾਹਿਬ ਜੀ ਸਾਨੂੰ ਸੁਮੱਤ ਬਖ਼ਸ਼ਣ।

**ਕੋਈ ਦੂਰ ਦੀ ਗੱਲ ਨਹੀਂ ਜੱਗ ਉੱਤੇ,**
**ਕਦੇ ਅਸੀਂ ਵੀ ਹੁੰਦੇ ਸਾਂ ਸ਼ਾਨ ਵਾਲੇ।**
**ਅਸੀ ਪੰਜਾਂ ਦਰਿਆਵਾਂ ਦੇ ਬਾਦਸ਼ਾਹ ਸਾਂ,**
**ਤਾਜ ਤਖ਼ਤ ਵਾਲੇ ਅਣਖ-ਆਨ ਵਾਲੇ।**
**ਸਾਡੇ ਸਿਰਾਂ 'ਤੇ ਕਲਗੀਆਂ ਸੋਂਹਦੀਆਂ ਸਨ,**
**ਸਾਨੂੰ ਨਿਓਂਦੇ ਸਨ ਕਈ ਗੁਮਾਨ ਵਾਲੇ।**
**ਸਾਡੇ ਬਾਦਸ਼ਾਹੀ ਕੌਮੀ ਨਿਸ਼ਾਨ ਅੱਗੇ,**
**ਭੇਟਾ ਧਰਦੇ ਸਨ ਕਈ ਨਿਸ਼ਾਨ ਵਾਲੇ।**
**ਬਿਨਾਂ ਪੁੱਛਿਆਂ ਏਧਰ ਨਾ ਝਾਕਦੇ ਸਨ,**
**ਅੱਜ ਸਾਡੇ 'ਤੇ ਹੁਕਮ ਚਲਾਣ ਵਾਲੇ।**
**ਕੌਣ ਜਾਣਦਾ ਸੀ ਰੁਲ਼ਦੇ ਫਿਰਨਗੇ ਇਹ,**
**ਆਪਣੇ ਤਾਜ ਵਿੱਚ ਹੀਰੇ ਹੰਢਾਣ ਵਾਲੇ।**
**'ਸੀਤਲ' ਹਾਲ ਫ਼ਕੀਰਾਂ ਦੇ ਨਜ਼ਰ ਆਉਂਦੇ,**
**ਤਾਜ-ਤਖ਼ਤ-ਨਿਸ਼ਾਨ-ਕਿਰਪਾਨ ਵਾਲੇ।**


* * * *



**- ਡਾਕਟਰ ਸੁਰਜੀਤ ਸਿੰਘ ਜਰਮਨੀ**
ਸਹਾਇਕ ਸੰਪਾਦਕ 'ਪੰਜਆਬ' ਮੈਗਜ਼ੀਨ
(President IPCC Germany)
Buro Chief Germany (ਪੰਜਾਬ ਹੈੱਡਲਾਈਨਜ਼)

# ਬਾਬਾ ਬੰਦਾ ਸਿੰਘ ਜੀ ਬਹਾਦਰ

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿੱਖਾਂ ਨੂੰ ਮਾਨਸਿਕ ਤੇ ਸਰੀਰਕ ਗ਼ੁਲਾਮੀ ਦੋਹਾਂ ਨੂੰ ਹੀ ਨਾ ਕਬੂਲਣ ਦਾ ਹੁਕਮ ਦਿੱਤਾ। ਭਾਵੇਂ ਸਿੱਖ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਗੁਰੂ ਦੇ ਹੁਕਮ ਅਨੁਸਾਰ ਵਿਚਰਣ ਲੱਗੇ ਪਰ ਉਹਨਾਂ ਦਾ ਖਿੱਤਾ ਜੋ ਓਸ ਵੇਲੇ ਤਕ ਗ਼ੁਲਾਮ ਸੀ, ਜਿਸ ਕਰਕੇ ਉਹਨਾਂ ਦੀ ਸਰੀਰਕ ਪ੍ਰਭੂਸੱਤਾ ਨੂੰ ਦਿਨ ਰਾਤ ਖ਼ਤਰਾ ਸੀ। ਕੋਈ ਪਤਾ ਨਹੀਂ ਸੀ ਕਿਸ ਵੇਲੇ ਕਿਹੜਾ ਫ਼ਤਵਾ ਜਾਰੀ ਹੋ ਜਾਣਾ ਤੇ ਸਿਰਫ਼ ਸਰੂਪ ਕਰਕੇ ਉਹਨਾਂ ਨੂੰ ਸਰੀਰਕ ਗ਼ੁਲਾਮ ਬਣਾ ਲਿਆ ਜਾਣਾ ਸੀ। ਸਦੀਆਂ ਤੋਂ ਭਾਰਤ-ਵਰਸ਼ ਦੇ ਲੋਕ ਗ਼ੁਲਾਮ ਹੋਣ ਕਾਰਨ ਰਾਜਨੀਤਿਕ ਦਿਲਚਸਪੀ ਲੈਣੋਂ ਹਟ ਗਏ ਤੇ ਹਾਕਮ ਦੇ ਅਨੁਸਾਰ ਆਪਣਾ ਜੀਵਨ ਜਿਉਂਦੇ ਰਹੇ। ਇਹ ਹਾਕਮ 'ਤੇ ਸੀ ਕਿ ਉਹਨਾਂ ਨੂੰ ਕਿਸ ਤਰ੍ਹਾਂ ਦਾ ਜੀਵਨ ਬਖ਼ਸ਼ਣਾ।




ਦਸਮੇਸ਼ ਜੀ ਨੇ ਇਸ ਪਿਰਤ ਨੂੰ ਤੋੜਿਆ ਤੇ ਆਮ ਲੋਕਾਂ ਨੂੰ ਹੁਕਮਰਾਨਾਂ ਦੀਆਂ ਗ਼ਲਤ ਨੀਤੀਆਂ ਖ਼ਿਲਾਫ਼ ਅਵਾਜ਼ ਚੁੱਕਣ ਦਾ ਬਲ਼ ਬਖ਼ਸ਼ਿਸ਼ ਕੀਤਾ। ਹੁਣ ਦਸਮੇਸ਼ ਗੁਰੂ ਜੀ ਜਾਣਦੇ ਸਨ ਕਿ ਉਹਨਾਂ ਦੀ ਸਰੀਰਕ ਯਾਤਰਾ ਖ਼ਤਮ ਹੋਣ ਵਾਲ਼ੀ ਹੈ ਤੇ ਕਿਤੇ ਇਹ ਨਾ ਹੋਵੇ ਇਹ ਚਿਣਗ ਜੋ ਉਹਨਾਂ ਨੇ ਸਿੱਖਾਂ ਅੰਦਰ ਜਗਾਈ ਉਹ ਰਾਜਸੱਤਾ ਦੀ ਪ੍ਰਾਪਤੀ ਨਾ ਹੋਣ 'ਤੇ ਹੌਲੀ-ਹੌਲੀ ਬੁਝ ਜਾਵੇ। ਇਸੇ ਕਰਕੇ ਦਸਮੇਸ਼ ਪਿਤਾ ਜੀ ਨੇ ਸਿੱਖਾਂ ਨੂੰ ਸ਼ਬਦ-ਗੁਰੂ ਦੇ ਲੜ ਲਾ ਕੇ ਤੇ ਆਪਣੀ ਰਾਜਸੀ ਮੰਜ਼ਿਲ ਵੱਲ ਅੱਗੇ ਵਧਣ ਲਈ ਸੈਨਾਪਤੀ ਦੇ ਰੂਪ ਵਿੱਚ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਪੰਜ ਤੀਰ ਦੇ ਕੇ ਸਿੱਖਾਂ ਦੀ ਅਗਵਾਈ ਕਰਨ ਲਈ ਪੰਜਾਬ ਤੋਰਿਆ। ਇਸ ਸੂਰਮੇ 'ਤੇ ਗੁਰੂ ਸਾਹਿਬ ਦੀ ਸੰਪੂਰਨ ਕਿਰਪਾ ਸੀ।

ਪੰਜਾਬ ਆਉਂਦਿਆਂ ਹੀ ਕੁਝ ਸਾਲਾਂ ਵਿੱਚ ਸਿੱਖਾਂ ਦਾ ਆਪਣਾ ਰਾਜ ਸਥਾਪਿਤ ਕਰ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ 'ਪਹਿਲਾ ਸਿੱਖ ਰਾਜ' ਕਾਇਮ ਕੀਤਾ ਜਿਸ 'ਤੇ ਪਹਿਲੇ ਬਾਦਸ਼ਾਹ ਹੋਣ ਦਾ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਮਾਣ ਪ੍ਰਾਪਤ ਹੋਇਆ।

ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਜਨਮ ਕੱਤਕ ਸੁਦੀ 13, ਸੰਮਤ 1727 (27 ਅਕਤੂਬਰ 1670) ਬਿਕ੍ਰਮੀ ਨੂੰ ਪਿੰਡ ਰਾਜੌਰੀ ਰਿਆਸਤ ਪੁਣਛ (ਜੋ ਕਿ ਅੱਜ ਕੱਲ ਜੰਮੂ ਰਾਜ ਦੇ ਅਧਿਕਾਰ ਖੇਤਰ ਵਿੱਚ ਹੈ) ਵਿੱਚ ਮਾਤਾ ਸੁਲੱਖਣੀ ਦੇਵੀ ਤੇ ਪਿਤਾ ਰਾਮਦੇਵ ਭਾਰਦਵਾਜ ਰਾਜਪੂਤ ਜੀ ਦੇ ਘਰ ਹੋਇਆ। ਇਹ ਗੱਲ ਤਾਂ ਤਕਰੀਬਨ ਸਕੂਲੀ ਲੇਖਾਂ ਤੋਂ ਹੀ ਅਸੀਂ ਪੜ੍ਹ ਚੁਕੇ ਹਾਂ ਕਿ 'ਲਛਮਣ ਦੇਵ' ਇਹਨਾਂ ਦਾ ਬਚਪਨ ਦਾ ਨਾਂ ਸੀ ਤੇ ਇੱਕ ਹਿਰਨ ਦੇ ਸ਼ਿਕਾਰ ਕਰਨ ਤੋਂ ਬਾਅਦ ਆਪ ਜੀ ਬੈਰਾਗੀ ਹੋ ਗਏ ਤੇ ਆਪ ਜੀ ਦਾ ਨਾਂ 'ਮਾਧੋ ਦਾਸ ਬੈਰਾਗੀ' ਪੈ ਗਿਆ। ਇਸ ਗੱਲ ਵੱਲ ਜ਼ਿਆਦਾ ਨਾ ਲਿਖਦਾ ਹੋਇਆਂ, ਸਿੱਧਾ ਉਸ ਗੱਲ 'ਤੇ ਜਾਨੇ ਹਾਂ ਜੋ ਬਹੁਤ ਘੱਟ ਪੜ੍ਹਨ ਨੂੰ ਮਿਲਦਾ।

ਪੰਦਰਾਂ-ਸੋਲਾਂ ਸਾਲਾਂ ਦਾ ਲਛਮਣ ਦੇਵ ਜਦੋਂ ਮਾਧੋ ਦਾਸ ਬੈਰਾਗੀ ਬਣਿਆ ਤਾਂ ਉਹ ਘਰ-ਬਾਰ ਛੱਡ ਕੇ ਸੰਤਾਂ-ਸਾਧੂਆਂ ਦੀ ਸੰਗਤ ਵਿੱਚ ਰਹਿਣ ਲੱਗ ਗਿਆ। ਕਸ਼ਮੀਰ ਨੂੰ ਜਾਂਦੀ ਹੋਈ ਇੱਕ ਸਾਧੂ ਮੰਡਲੀ ਰਾਜੌਰੀ ਵਿੱਚ ਆ ਗਈ। ਇਸ ਦਾ ਮੁਖੀ ਇੱਕ ਬੈਰਾਗੀ ਸਾਧੂ ਜਾਨਕੀ ਪ੍ਰਸ਼ਾਦ ਸੀ। ਲਛਮਣ ਦੇਵ ਨੇ ਉਸ ਤੋਂ ਦੀਖਿਆ ਲਈ। ਮਹੰਤ ਨੇ ਹੀ ਇਹਨਾਂ ਦਾ ਮਾਧੋ ਦਾਸ ਰੱਖਿਆ ਸੀ। ਫਿਰ ਮਾਧੋ ਦਾਸ ਇਸੇ ਮੰਡਲੀ ਨਾਲ ਹੀ ਹੋ ਤੁਰਿਆ ਤੇ ਇਹ ਮੰਡਲੀ ਕਸ਼ਮੀਰ ਤੋਂ ਹੋ ਕੇ ਪੰਜਾਬ ਵੱਲ ਨੂੰ ਆਈ। ਮਾਧੋ ਦਾਸ ਵੀ ਇਹਨਾਂ ਦੇ ਨਾਲ ਹੀ ਸੀ। ਪੰਜਾਬ ਵਿੱਚ ਤੁਰਦੇ-ਫਿਰਦੇ ਮਾਧੋ ਦਾਸ ਰਾਮ ਥੰਮਣ (ਕਸੂਰ ਦੇ ਕੋਲ਼) ਵੈਸਾਖੀ ਦੇ ਮੇਲੇ 'ਤੇ ਆਇਆ। ਇੱਥੇ ਇੱਕ ਸਾਧੂ ਰਾਮ ਦਾਸ ਦੀ ਸੰਗਤ ਕੀਤੀ। ਦੂਜੀ ਵਾਰ ਸਾਧੂ ਰਾਮ

ਦਾਸ ਤੋਂ ਉਪਦੇਸ਼ ਲਿਆ। ਪਰ ਮਨ ਨੂੰ ਸ਼ਾਂਤੀ ਫਿਰ ਵੀ ਨਾ ਪ੍ਰਾਪਤ ਹੋਈ।

ਇਸ ਤੋਂ ਬਾਅਦ ਮਾਧੋ ਦਾਸ ਨਾਸਿਕ (ਅੱਜ ਦੇ ਮਹਾਰਾਸਟਰ ਰਾਜ ਵਿੱਚ) ਗਿਆ। ਓਥੇ ਜਾ ਕੇ ਪੰਚਵਟੀ ਦੇ ਅਸਥਾਨ ’ਤੇ ਇਸ ਨੇ ਔਘੜ ਨਾਥ ਯੋਗੀ ਨਾਲ ਮੁਲਾਕਾਤ ਕੀਤੀ। ਉਸ ਪਾਸੋਂ ਯੋਗ ਸਾਧਨ ਸਿੱਖੇ।

ਯੋਗ ਸਾਧਨ ਕੀ ਹਨ? ਯੋਗ ਸ਼ਾਸਤ੍ਰ ਦਾ ਕਰਤਾ ਪਾਤੰਜਲ ਰਿਸ਼ੀ ਲਿਖਦੇ ਹਨ:- ਯੋਗ ਵ੍ਰਿਤਿ ਨਿਰੋਧ: ਭਾਵ ਚਿੱਤ ਦੀਆਂ ਬਿਰਤੀਆਂ ਨੂੰ ਰੋਕਣਾ ਯੋਗ ਹੈ। ਇਹ ਦਰਸ਼ਨ (Philosophy) ਦਾ ਮੱਤ ਹੈ ਕਿ ਪੁਰਸ਼ ਪ੍ਰਕਿਰਤੀ ਦੇ ਸੰਜੋਗ ਕਰਕੇ ਦੁੱਖ ਭੋਗਦਾ ਹੈ। ਇਹ ਪ੍ਰਾਕ੍ਰਿਤਕ ਗੁਣਾਂ ਕਰਕੇ ਆਵਾਗਾਉਣ ਵਿੱਚ ਆਉਂਦਾ ਹੈ। ਜੋ ਮਹਾਨ ਦੁੱਖ ਹੈ। ਇਸ ਤੋਂ ਜੀਵ ਨੂੰ ਮੁਕਤ ਕਰਨਾ ਯੋਗ ਦਾ ਉਪਦੇਸ਼ ਹੈ। ਯੋਗ ਸ਼ਾਸਤ੍ਰ ਨੇ ਮੁਕਤੀ ਲਈ ਅੱਠ ਸਾਧਨ ਮੰਨੇ ਹਨ- (1) ਯਮ, (2) ਨਿਯਮ, (3) ਆਸਨ, (4) ਪ੍ਰਾਣਾਯਾਮ, (5) ਪ੍ਰਤਯਾਹਾਰ, (6) ਧਾਰਣਾ, (7) ਧਿਆਨ, (8) ਸਮਾਧੀ। ਯੋਗ ਫ਼ਲਸਫਾ ਦਾ ਨਿਚੋੜ ਇਹ ਹੈ- ਵੈਰਾਗ ਨਾਲ ਮਨ ਨੂੰ ਵਿਸ਼ੇ ਵਿਕਾਰਾਂ ਤੋਂ ਰੋਕਣਾ, (2) ਯਮ, ਨਿਯਮ ਕਰਕੇ ਸਰੀਰ ਸ਼ੁੱਧ ਕਰਨਾ, (3) ਸਿੱਧੀਆਂ ਦੀ ਪ੍ਰਾਪਤੀ, (4) ਨਿਰਨਿਕਲਪ ਸਮਾਧੀ ਵਿੱਚ ਲੀਨ ਹੋਣਾ। (5) ਮੁਕਤੀ।

ਫਿਰ ਮਾਧੋ ਦਾਸ ਨੇ ਹੱਠ-ਯੋਗ ਤੇ ਤਾਂਤ੍ਰਿਕ ਮੱਤ ਨੂੰ ਸਮਝਿਆ। ਹੱਠ-ਯੋਗ ਦੇ ਆਰੰਭਕ ਛੇ ਕਰਮ ਇਹ ਹਨ- ਨੇਤੀ, ਧੋਤੀ, ਬਸਤੀ, ਗਜ ਕਰਮ, ਨਿਉਲੀ ਤੇ ਤਾਂਤ੍ਰਿਕ।

ਵੇਰਵਾ ਇਸ ਤਰ੍ਹਾਂ ਹੈ : (1) ਪੇਟ ਦੀ ਸਫ਼ਾਈ ਲਈ 11 ਇੰਚ ਸੂਤ ਨਿਗਲਣਾ। (2) ਪੰਦਰਾਂ ਹੱਥ ਲੰਮਾ ਤੇ 3 ਇੰਚ ਚੌੜਾ ਕੱਪੜਾ ਪਾਣੀ ਨਾਲ ਭਿਉਂ ਕੇ ਨਿਗਲਣਾ। (3) ਗੁਦਾ ਰਾਹੀਂ ਪਾਣਾ ਚੜ੍ਹਾਣਾ। (4) ਪੇਟ ਪਾਣੀ ਨਾਲ ਭਰ ਕੇ ਸਾਫ਼ ਕਰਨਾ। (5) ਸਾਰੇ ਨਲਾਂ ਨੂੰ ਹਿਲਾਉਣਾ। (6) ਦ੍ਰਿਸ਼ਟੀ ਨੂੰ ਨੱਕ ਦੇ ਸਿਰੇ ’ਤੇ ਟਿਕਾਉਣਾ।

ਉਪਰੋਕਤ ਛੇ ਸਾਧਨਾਂ ਦੇ ਬਾਅਦ ਪੰਚ ਮੁੰਦਰਾਂ ਦੇ ਸਾਧਨ ਸ਼ੁਰੂ ਹੁੰਦੇ ਹਨ। ਮੁੰਦਰਾਂ ਇਹ ਹਨ:- ਖੇਚਰੀ, ਭੂਚਰੀ, ਚਾਚਰੀ, ਗੋਚਰੀ ਤੇ ਉਨਮਨੀ, ਇਹਨਾਂ ਦੇ ਸਾਧਨ ਇਹ ਹਨ :

1. ਜੀਭ ਨਾਲ ਸੰਗ ਦੇ ਦੋਵੇਂ ਛੇਕ ਬੰਦ ਕਰ ਕੇ ਸਵਾਸ ਰੋਕਣੇ। 2. ਪਦਮ ਆਸਨ, ਬੈਠ ਕੇ ਨਜ਼ਰ ਨੂੰ ਨੱਕ ਦੇ ਸਿਰੇ ਟਿਕਾਉਣਾ 3. ਤਿੰਨ ਇੰਚ ਉੱਤੇ ਸੁਖਮਨਾ ਦੇ ਪਾਸ ਨਜ਼ਰ ਟਿਕਾਉਣੀ, 4. ਕੰਨਾਂ ਵਿੱਚ ਰੂੰ ਜਾਂ ਮੋਮ ਭਰ ਕੇ ਖੱਬੇ ਕੰਨ ਦੇ ਮੰਤਰ ਨੂੰ ਸੱਜੇ ਰਾਹੀਂ ਸੁਣਨਾ। 5. ਸਰੀਰ ਦੇ ਸਾਰੇ ਦਵਾਰੇ ਰੋਕ ਕੇ ਲੰਮੇ ਸਵਾਸ ਲੈਣੇ।

ਹੱਠ-ਯੋਗੀਆਂ ਦੇ ਸਰੀਰ ਦੇ ਛੇ ਚੱਕਰ ਹਨ- ਗੁਦਾ ਨਾਭੀ ਹਿਰਦੇ ਕੰਵਲ ਆਦਿਕ ਇਹਨਾਂ ਨੂੰ ਵਿੰਨ ਕੇ ਸੁਰਤ ਉੱਚੀ ਹੋਣੀ ਮੰਨਦੇ ਹਨ। ਮੂਲ ਬੰਧ, ਜਲੰਧਰ ਬੰਧ, ਉਦਿਆਨ ਬੰਧ, ਮਹਾਂਬੰਧ, ਪ੍ਰਾਣਾਂ ਨੂੰ ਰੋਕਣ ਤੇ ਜਾਰੀ ਕਰਨ ਆਦਿਕ ਸਾਧਨ ਹਨ।

ਇਹ ਸਾਰਾ ਕੁੱਝ ਇੱਥੇ ਲਿਖਣ ਦਾ ਮੰਤਵ ਇਹ ਸੀ ਕਿ ਅੱਜ ਅਸੀਂ ਜਿਹਨਾਂ ਯੋਗੀਆਂ, ਨਾਥਾਂ, ਸਿੱਧ, ਬਾਬਿਆਂ, ਸਾਧਾਂ ਜਿਹਨਾਂ ਕੋਲ ਥੋੜਾ ਬਹੁਤ ਇਹਨਾਂ ਚੀਜਾਂ ਦਾ ਗਿਆਨ ਹੈ, ਉਹਨਾਂ ਨੂੰ ਪਰਮ ਗਿਆਨੀ ਮੰਨ ਕੇ ਪੂਜਣਾ ਸ਼ੁਰੂ ਕਰ ਦਿੰਦੇ ਹਾਂ, ਪਰ ਉਹ ਆਪ ਵੀ ਪਰਮ ਸੱਤ ਨੂੰ ਨਹੀਂ ਪਾ ਸਕਦੇ। ਕਿਉਂਕਿ ਜਿਸ ਅਵਸਥਾ ਵਿੱਚ ਮਾਧੋ ਦਾਸ ਪਹੁੰਚ ਗਏ ਸਨ। ਉਸ ਅਵਸਥਾ ਵਿੱਚ ਅੱਜ ਵਾਲੇ ਯੋਗੀਆਂ ਵਿੱਚੋਂ ਕੋਈ ਵਿਰਲਾ ਹੀ ਪਹੁੰਚ ਪਾਉਂਦਾ ਸ਼ਾਇਦ ਕੋਈ ਇੱਕਾ ਦੁੱਕਾ ਤੇ ਉਹ ਵੀ ਅਖੀਰ ਨੂੰ ਦੁਨੀਆਂਦਾਰੀ ਤੋਂ ਦੂਰੀ ਬਣਾ ਲੈਂਦਾ ਤੇ ਆਪਣੀ ਮੌਜ ਵਿੱਚ ਦੁਨੀਆਂ ਤੋਂ ਰਵਾਨਾ ਹੋ ਜਾਂਦਾ।

ਅਵਸਥਾ ਤੋਂ ਭਾਵ ਇਹਨਾਂ ਦੇ ਪੰਥ ਦਾ ਗਿਆਨ ਤਕਰੀਬਨ ਪੂਰਾ ਹਾਸਿਲ ਕਰ ਚੁੱਕੇ ਸਨ। ਤੇ ਔਘੜ ਨਾਥ ਦੀ ਮੌਤ ਤੋਂ ਬਾਅਦ ਪੰਚਵਟੀ ਛੱਡ ਕੇ ਨਾਂਦੇੜ ਨੂੰ ਨੂੰ ਚਲੇ ਗਏ। ਓਥੇ ਜਾ ਕੇ ਕੁਟੀਆ ਪਾ ਕੇ ਭਜਨ ਬੰਦਗੀ ਕਰਨ ਲੱਗੇ। ਤੇ ਇੱਥੇ ਇਹਨਾਂ ਦੇ ਬਹੁਤ ਚੇਲੇ ਬਣ ਗਏ ਤੇ ਇਹ ਆਪਣੇ ਮੱਠ ਦੇ ਮਹੰਤ ਬਣ ਗਏ। ਪਰ ਅਜੇ ਵੀ ਮਨ ਪੂਰੇ ਗੁਰੂ ਦੀ ਭਾਲ ਵਿੱਚ ਸੀ। ਅਖੀਰ ਦਸਮੇਸ਼ ਪਿਤਾ ਜੀ ਇਸ ਦੇ ਮੱਠ ਗਏ। ਤੇ ਇਸ ਦੇ ਮੰਜੇ ’ਤੇ ਆਸਣ ਲਾ ਕੇ ਬੈਠ ਗਏ। ਜਿਸ ਬਾਬਤ ਪ੍ਰਚਲਿਤ ਹੈ ਕਿ ਜੋ ਵੀ ਇਸ ਦੇ ਪਲੰਘ ’ਤੇ ਬੈਠਦਾ ਸੀ, ਇਹ ਆਪਣੀਆਂ ਕਰਾਮਾਤਾਂ ਸਦਕਾ ਉਹ ਪਲੰਘ ਮੁੱਧਾ ਮਾਰ ਦਿੰਦਾ ਸੀ। ਦਸਮੇਸ਼ ਪਿਤਾ ਜੀ ਦੇ ਬੈਠਿਆਂ ਇਸ ਨੇ ਬਹੁਤ ਕੋਸ਼ਿਸ਼ ਕੀਤੀ ਪਲੰਘ ਪਲਟਾਉਣ ਦੀ ਪਰ ਕੋਈ ਵਾਹ ਨਾ ਗਈ ਤੇ ਇਸ ਨੂੰ ਸੱਚਾ ਗੁਰੂ ਮਿਲ ਗਿਆ ਤੇ ਮਾਧੋ ਦਾਸ ਉਸ ਦਿਨ ਤੋਂ ਗੁਰੂ ਦਾ ਬੰਦਾ ਹੋ ਗਿਆ।




ਬਾਬਾ ਬੰਦਾ ਸਿੰਘ ਬਹਾਦਰ ਨੇ ਸਭ ਤੋਂ ਪਹਿਲਾਂ ਕਿਸੇ ਸ਼ਾਸਕ ਦੇ ਨਾਂ ਦੀ ਬਜਾਏ ਸਿੱਖ ਗੁਰੂਆਂ ਦੇ ਨਾਂ ’ਤੇ ਸਿੱਕਾ ਚਲਾਉਣ ਦੀ ਸਿੱਖ ਪਰੰਪਰਾ ਦੀ ਸਥਾਪਨਾ ਕੀਤੀ। ਇਹ ਪਰੰਪਰਾ ਮਹਾਰਾਜਾ ਰਣਜੀਤ ਸਿੰਘ ਜੀ ਨੇ ਵੀ ਅਪਨਾਈ ਸੀ।

ਫਿਰ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੰਜ ਤੀਰ ਤੇ ਕੁਝ ਸਿੰਘ ਦੇ ਕੇ ਪੰਜਾਬ ਦੀ ਧਰਤੀ ਵੱਲ ਤੋਰਿਆ; ਜਿੱਥੇ ਕਿ ਜ਼ੁਲਮ ਹੱਦਾਂ-ਬੰਨੇ ਟੱਪ ਚੁੱਕਾ ਸੀ, ਜਿੱਥੇ ਪੰਜ ਤੇ ਸੱਤ ਸਾਲ ਦੇ ਬਾਬਿਆਂ ਦੀ ਸ਼ਹੀਦੀ ਹੋਈ ਸੀ।

ਪੰਜਾਬ ਵਿੱਚ ਆ ਕੇ ਸਿੰਘਾਂ ਦੀ ਫ਼ੌਜ ਤਿਆਰ ਕਰਦੇ ਹੋਏ ਸਰਹੰਦ ਦੀ ਇੱਟ ਨਾਲ ਇੱਟ ਖੜਕਾਉਣ ਤੁਰ ਪਏ। ਬਾਬਾ ਜੀ ਨੇ ਇੱਕ ਹੁਕਮ ਜਾਰੀ ਕੀਤਾ ਤੇ ਜਿਹੜੇ ਸਿੱਖ ਨੂੰ ਵੀ ਇਹ ਹੁਕਮ ਮਿਲਿਆ, ਉਹ ਜ਼ੁਲਮ ਦੀ ਜੜ੍ਹ ਪੁੱਟਣ ਲਈ ਬਾਬਾ ਜੀ ਦੇ ਨਾਲ ਹੋ ਤੁਰਿਆ।

**ਲੇਵਣ ਕੋ ਬਦਲੇ ਤੁਰਕਾਨ ਤੇ,**
**ਮੋਹਿ ਪਠਿਓ ਗੁਰ ਸਵੈ ਕਰ ਬੰਦਾ।**
**ਮਾਰ ਕੇ ਖ਼੍ਵਾਰ ਕਰੌਉਂ ਬਜੀਦਹਿ,**
**ਦੇਹੁੰ ਉਜਾੜ ਲੁਟਾਇ ਸਰਹੰਦਾ।**
**ਲੈ ਕਰ ਵੈਰ ਗੁਰੂ ਪੁਤ੍ਰਨ ਫਿਰ,**
**ਮਾਰ ਗਿਰੀਸ਼ ਕਰੋਂ ਪਰਾਂ ਗੰਦਾ।**
**ਏਕਤਾ ਕਾਜ ਕਰੋਂ ਜਬ ਮੈਂ ਤੁਮ,**
**ਜਾਨਿਉ ਮੁਝੇ ਤਬ ਹੀ ਗੁਰਬੰਦਾ।**

ਅਖ਼ੀਰ ਬਾਬਾ ਜੀ ਦੇ ਨਾਲ ਸਿੰਘਾਂ ਦੀ ਫ਼ੌਜ ਨੇ



ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਗ੍ਰਿਫ਼ਤਾਰ ਕਰ ਕੇ ਪਿੰਜਰੇ ’ਚ ਕੈਦ ਕਰ ਕੇ ਲਿਜਾਏ ਜਾਣ ਦਾ ਹੱਥ ਚਿੱਤਰ



ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਸਰੀਰ ਦਾ ਮਾਸ ਜਮੂਰਾਂ ਨਾਲ਼ ਨੋਚਦੇ ਹੋਏ ਦੁਸ਼ਟ

ਸਰਹੰਦ ਦੀ ਇੱਕ-ਇੱਕ ਇੱਟ ਕੋਲੋ ਸਾਹਿਬਜਾਂਦਿਆਂ ਦੀ ਸ਼ਹਾਦਤ ਦਾ ਬਦਲਾ ਲਿਆ। ਸਰਹੰਦ ਦੇ ਨਾਲ-ਨਾਲ ਸੋਨੀਪਤ, ਸਮਾਣਾ, ਸਢੋਰਾ ਤੇ ਛੱਤ-ਬਨੂੜ 'ਤੇ ਫ਼ਤਹਿ ਹਾਸਿਲ ਕੀਤੀ। ਪੰਜਾਬ ਵਿੱਚ ਬਹੁਤਾਂਤ ਇਲਾਕਿਆਂ 'ਤੇ ਜਿੱਤਾਂ ਹਾਸਲ ਕਰਨ ਤੋਂ ਬਾਅਦ ਬਾਬਾ ਜੀ ਨੇ ਖ਼ਾਲਸਾ ਰਾਜ ਦਾ ਐਲਾਨ ਕਰ ਦਿੱਤਾ ਤੇ ਲੋਹਗੜ੍ਹ ਕਿਲ੍ਹਾ ਬਣਵਾਇਆ। ਇਸੇ ਕਿਲ੍ਹੇ ਤੋਂ ਬਾਬਾ ਜੀ ਨੇ ਇੱਕ ਸਿੱਕਾ ਜਾਰੀ ਕੀਤਾ, ਇਸ 'ਤੇ ਅੱਖਰ ਲਿਖੇ ਹੋਏ ਸਨ।

**ਸਿੱਕਾ ਜ਼ਦ ਬਰ ਹਰ ਦੋ ਆਲਮ,**
**ਤੇਗੇ ਨਾਨਕ ਵਾਹਬ ਅਸਤ।**
**ਫਤੇਹ ਗੋਬਿੰਦ ਸਿੰਘ ਸ਼ਾਹੇ ਸ਼ਾਹਾਂ ਫਜ਼ਲ**
**ਸੱਚਾ ਸਾਹਿਬ ਅਸਤ।**

ਭਾਵ ਦੋਹਾਂ ਜਹਾਨਾਂ ਵਿੱਚ ਸਿੱਕਾ ਮਾਰਿਆ, ਗੁਰੂ ਨਾਨਕ ਦੀ ਬਖ਼ਸ਼ਿਸ਼ ਨਾਲ ਫ਼ਤਹਿ ਪ੍ਰਾਪਤ ਹੋਈ, ਸ਼ਾਹਾਂ ਦੇ ਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾ ਨਾਲ।

ਇਸ ਤੋਂ ਬਿਨਾਂ ਬਾਬਾ ਜੀ ਨੇ ਹੁਕਮਨਾਮੇ ਜਾਰੀ ਕਰਨ ਤੇ ਚਿੱਠੀ ਪੱਤਰ ਲਈ ਮੋਹਰ ਬਣਵਾਈ, ਜਿਸ ਤੇ ਫ਼ਾਰਸੀ ਵਿੱਚ ਲਿਖਿਆ ਸੀ।

**ਦੇਗ ਓ ਤੇਗੋ ਫਤੇਹ ਓ ਨੁਸਰਤ ਬੇਦਰੰਗ।**
**ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।**

ਭਾਵ (ਦੇਗ) ਗਰੀਬਾਂ ਨੂੰ ਲੰਗਰ ਛਕਾਉਣ ਦਾ ਨਿਸ਼ਾਨ ਤੇ (ਤੇਗ) ਧਰਮ ਤੇ ਗਰੀਬਾਂ ਦੀ ਰੱਖਿਆ ਲਈ। ਫ਼ਤਹਿ ਸਹਾਇਤਾ ਅਤੇ ਵਡਿਆਈ ਸ੍ਰੀ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਤੋਂ ਪ੍ਰਾਪਤ ਹੁੰਦੀ ਹੈ।

ਖ਼ਾਲਸਾਈ ਸਿੱਕਾ ਤੇ ਮੋਹਰ ਜਾਰੀ ਕਰਨ ਤੋਂ ਬਾਅਦ ਵੀ ਬਾਬਾ ਜੀ ਨੇ ਕਈ ਜੰਗਾਂ ਲੜੀਆਂ। ਜੇ ਸਾਰੀਆਂ ਦਾ ਵਰਨਣ ਕਰ ਲੱਗ ਗਿਆ ਤਾਂ ਲੇਖ ਦਾ ਆਕਾਰ ਬਹੁਤ ਵੱਡਾ ਹੋ ਜਾਣਾ। ਅਖ਼ੀਰ ਬਾਬਾ ਜੀ ਦੀ ਅਖ਼ੀਰਲੀ ਜੰਗ ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਹੋਈ। ਜਿੱਥੋਂ ਬਾਰੇ ਪ੍ਰਾਚੀਨ ਪੰਥ ਪ੍ਰਕਾਸ਼ ਦਾ ਲੇਖਕ ਲਿਖਦਾ ਹੈ ਕਿ ਉਸ ਵੇਲੇ 8 ਮਹੀਨੇ ਘੇਰਾ ਪਿਆ ਰਿਹਾ ਤੇ ਅੰਨ ਪਾਣੀ ਬਿਲਕੁਲ ਖ਼ਤਮ ਹੋ ਗਿਆ ਸੀ। ਸਿੰਘਾਂ ਨੇ ਆਪਣੇ ਘੋੜੇ ਤੇ ਹੋਰ ਜਾਨਵਰ ਵੀ ਮਾਰ ਕੇ ਖਾ ਲਏ ਪੂਰੇ ਕਿਲ੍ਹੇ ਵਿੱਚ ਦਰਖ਼ਤਾਂ 'ਤੇ ਕੋਈ ਪੱਤਾ ਤਕ ਨਹੀਂ ਬਚਿਆ। ਸਭ ਸਿੰਘ ਭੁੱਖ ਕਾਰਨ ਅਨਾਜ ਨਾ ਹੋਣ ਦੀ ਸੂਰਤ ਵਿੱਚ ਖਾ ਗਏ। ਅਖੀਰਲੇ ਦਿਨਾਂ ਵਿੱਚ ਤਾਂ ਉਹਨਾਂ ਨੇ ਆਪਣੇ ਪੱਟਾਂ ਦੇ ਮਾਸ ਵੀ ਕੱਢ ਕੇ ਖਾਧੇ। 'ਮੌਤੋਂ ਭੁੱਖ ਬੁਰੀ' ਇਹ ਗੱਲ ਉਸ ਵੇਲੇ ਪੂਰੀ ਤਰ੍ਹਾਂ ਸਹੀ ਸਾਬਿਤ ਹੁੰਦੀ ਵੇਖੀ ਗਈ।

ਅਖ਼ੀਰ 8 ਪੋਹ 1772 ਨੂੰ ਫਰੁਖ਼ਸ਼ੀਅਰ ਦੀ ਫ਼ੌਜ ਕਿਲ੍ਹੇ ਦਾ ਦਰਵਾਜਾ ਭੰਨ ਕੇ ਅੰਦਰ ਵੜਨ ਵਿੱਚ ਕਾਮਯਾਬ ਹੋਈ ਤੇ ਬਾਬਾ ਜੀ ਸਮੇਤ 200 ਸਿੰਘਾਂ ਨੂੰ ਜਿਊਂਦੇ ਫੜਿਆ ਲਿਆ। ਸ਼ਹੀਦ ਹੋਏ ਸਿੰਘਾਂ ਦੇ ਸੀਸ ਕੱਟ ਕੇ ਬਰਛਿਆਂ 'ਤੇ ਟੰਗ ਲਏ। ਫਰੁਖ਼ਸ਼ੀਅਰ ਦੀ ਫ਼ੌਜ ਦੇ ਜਰਨੈਲਾਂ ਨੇ ਸੋਚਿਆ ਕਿ ਜੇ ਇਹ ਮੁੱਠੀ ਭਰ ਸਿੰਘਾਂ ਨੂੰ ਨਾਲ ਲੈ ਕੇ ਦਿੱਲੀ ਗਏ ਤਾਂ ਫਰੁਖ਼ਸ਼ੀਅਰ ਕੋਲੋਂ ਸ਼ਾਬਾਸ਼ ਦੀ ਥਾਂ ਬੇਇਜ਼ਤੀ ਹੋਣੀ ਕਿ ਇੰਨੇ ਕੁ ਸਿੰਘਾਂ ਲਈ ਤਕਰੀਬਨ 8 ਮਹੀਨੇ ਤੁਸੀਂ ਲੜਦੇ ਰਹੇ। ਤਾਂ ਉਹਨਾਂ ਨੇ ਰਸਤੇ ਵਿੱਚ ਮਸੂਮ ਲੋਕਾਂ ਨੂੰ ਮਾਰ ਕੇ ਗਿਣਤੀ ਹਜ਼ਾਰਾਂ ਵਿੱਚ ਕਰ ਲਈ। ਤੇ ਗੱਡਿਆਂ 'ਤੇ ਉਹਨਾਂ ਦੇ ਸਿਰ ਲੱਦ ਲਏ। ਕਈ ਜਿਊਂਦੇ ਫੜ ਕੇ ਮਸ਼ਕਾਂ ਬੰਨ ਕੇ ਅੱਗੇ ਲਾ ਕੇ ਨਾਲ਼ ਤੋਰ ਕੇ ਚੇਤਰ 1772 ਨੂੰ ਦਿੱਲੀ ਪਹੁੰਚੇ। ਜਿੱਥੇ ਬਾਬਾ ਜੀ ਦੇ ਪੁੱਤਰ ਅਜੈ ਸਿੰਘ ਤੇ ਉਸ ਦੀ ਮਾਤਾ ਤੇ ਇੱਕ ਸੇਵਕ ਨੂੰ ਦਰਬਾਰ ਖ਼ਾਂ ਨਾਜਮ ਦੇ ਹਰਮ ਵਿੱਚ ਰੱਖੇ ਗਏ। 694 ਸਿੰਘ ਕਤਲ ਕਰਨ ਲਈ ਸਰਬਰਾਹ ਖ਼ਾਨ ਕੋਤਵਾਲ ਦੇ ਸਪੁਰਦ ਕੀਤੇ ਗਏ। ਬਾਦਸ਼ਾਹ ਨੇ ਅਮੀਨ ਖ਼ਾਂ ਤੇ ਜਕਰੀਆਂ ਖ਼ਾਂ ਨੂੰ ਖ਼ਿਲਅਤਾਂ ਦਿੱਤੀਆਂ। ਸਿੰਘਾਂ ਦੇ ਸ਼ਸ਼ਤਰ 1000 ਤਲਵਾਰਾਂ, 278 ਢਾਲਾਂ, 173 ਤੀਰ ਕਮਾਨ, 180 ਬੰਦੂਕਾ, 114 ਜਮਦਾਹੜਾਂ, 217 ਕਰਦਾਂ, 23 ਮੋਹਰਾਂ 600 ਰੁਪਏ ਤੇ ਕੁਝ ਸੋਨਾ ਤਹਿਸੀਲਦਾਰ ਦੇ ਸਪੁਰਦ ਕੀਤੇ ਗਏ।

ਸਿੰਘਾਂ ਨੂੰ 'ਇਸਲਾਮ' ਜਾਂ 'ਮੌਤ' ਨੂੰ ਚੁਣਨ ਦੀ ਗੱਲ ਕਹੀ ਜਾਂਦੀ ਸੀ। ਹਰੇਕ ਦਾ ਜਵਾਬ 'ਮੌਤ' ਸੀ। ਹਰ ਰੋਜ਼ 100-100 ਸਿੰਘ ਬਾਬਾ ਜੀ ਦੇ ਸਾਹਮਣੇ ਸ਼ਹੀਦ ਕੀਤਾ ਜਾਣ ਲੱਗਾ। ਅਖ਼ੀਰ ਸਾਰੇ ਸਿੰਘਾਂ ਨੂੰ ਸ਼ਹੀਦ ਕਰਨ ਮਗਰੋਂ 12 ਹਾੜ ਸੰਮਤ 1773 (19 ਜੂਨ 1716 ਈ:) ਨੂੰ ਹੋਰ ਚੋਟੀ ਦੇ ਜਰਨੈਲਾਂ ਦੇ ਨਾਲ ਬਾਬਾ ਜੀ ਨੂੰ ਸ਼ਹੀਦ ਕੀਤਾ ਗਿਆ। ਸ਼ਹੀਦੀ ਤੋਂ ਪਹਿਲਾਂ ਬਾਬਾ ਜੀ ਦੇ ਪੁੱਤਰ ਦਾ ਦਿਲ ਕੱਢ ਕੇ ਬਾਬਾ ਜੀ ਦੇ ਮੂੰਹ ਵਿੱਚ ਤੁੰਨਿਆ ਗਿਆ। ਤੇ ਬਾਅਦ ਵਿੱਚ ਜੱਲਾਦ ਨੇ ਚਾਕੂ ਨਾਲ ਪਹਿਲਾਂ ਬਾਬਾ ਜੀ ਦੀ ਸੱਜੀ ਅੱਖ ਕੱਢੀ ਤੇ ਫਿਰ ਖੱਬੀ। ਫਿਰ ਪੱਟ ਤੇ ਲੱਤਾਂ ਵੱਢੀਆਂ ਗਈਆਂ। ਉਪਰੰਤ ਤਪੇ ਹੋਏ ਜੰਬੂਰਾਂ ਨਾਲ ਸਰੀਰ ਦਾ ਮਾਸ ਨੋਚਿਆ ਗਿਆ। ਅੰਗ-ਅੰਗ ਕੱਟੇ ਗਏ। ਇਸ ਤਰ੍ਹਾਂ ਸੂਰਬੀਰ, ਤਿਆਗੀ, ਪਰਮ ਅਤੀਤ, ਸ੍ਰੀ ਕਲਗੀਧਰ ਦਸਮੇਸ਼ ਪਿਤਾ ਜੀ ਦੇ ਸਾਦਕ ਬੰਦੇ ਨੇ ਸ਼ਹੀਦੀ ਪ੍ਰਾਪਤ ਕੀਤੀ।

* * * *

**'ਪੰਜਆਬ' ਰਸਾਲੇ 'ਚ ਬਾਬਾ ਬੰਦਾ ਸਿੰਘ ਬਹਾਦਰ, ਸਿੱਖ ਰਾਜ ਅਤੇ 1978 ਤੋਂ ਮੌਜੂਦਾ ਸੰਘਰਸ਼ ਤੇ ਅਜੋਕੀਆਂ ਘਟਨਾਵਾਂ ਸੰਬੰਧੀ ਲੜੀਵਾਰ ਇਤਿਹਾਸ ਛਪਿਆ ਕਰੇਗਾ।**

## ਦਰਖ਼ਤਾਂ ਦੀ ਮਹੱਤਤਾ ; 18 ਨੰਬਰ ਪੰਨੇ ਦਾ ਬਾਕੀ ਹਿੱਸਾ

ਜਦੋਂ ਅਸੀਂ ਧੁੱਪ ਤੋਂ ਬਚਣ ਲਈ ਕਿਸੇ ਕੰਧ ਦਾ ਪਰਛਾਵਾਂ ਲੈਂਦੇ ਹਾਂ ਜਾਂ ਦਰਖ਼ਤ ਦੇ ਪਰਛਾਵੇ ਹੇਠਾਂ ਖੜ੍ਹਦੇ ਹਾਂ, ਸਾਨੂੰ ਫ਼ਰਕ ਓਸੇ ਸਮੇਂ ਮਹਿਸੂਸ ਹੋ ਜਾਂਦਾ ਹੈ। ਜੋ ਰਾਹਤ ਤੇ ਠੰਡ ਦਰਖ਼ਤ ਦੇ ਪਰਛਾਵੇ ਹੇਠਾਂ ਮਿਲਦੀ ਹੈ ਉਸ ਦਾ ਬਦਲ ਕੋਈ ਹੋਰ ਨਹੀਂ ਲੈ ਸਕਦਾ। ਕਿਉਂਕਿ ਦਰਖ਼ਤ ਦੇ ਪੱਤਿਆਂ ਵਿੱਚ ਪਾਣੀ ਹੁੰਦਾ ਹੈ ਜੋ ਕਿ ਗਰਮੀ ਨੂੰ ਨਮੀ ਤੇ ਠੰਡਕ ਵਿੱਚ ਬਦਲ ਦਿੰਦੇ ਹਨ। ਇਹੀ ਇਹਨਾਂ ਪੱਤਿਆਂ ਦੀ ਨਮੀ ਦੀ ਠੰਡਕ ਹੀ ਜਦੋਂ ਭਾਫ ਬਣ ਕੇ ਲੰਘ ਰਹੇ ਬੱਦਲਾਂ ਨੂੰ ਠੰਡਕ ਦਿੰਦੇ ਹਨ ਤਾਂ ਫਿਰ ਬਾਰਿਸ਼ ਹੁੰਦੀ ਹੈ। ਜੇ ਦਰਖ਼ਤ. ਜੰਗਲ਼, ਬਾਗ ਨਹੀਂ ਹੋਣਗੇ ਤਾਂ ਅਸਮਾਨ ਵਿੱਚ ਭਾਫ ਬਣ ਕੇ ਲੰਘ ਰਹੇ ਬੱਦਲਾਂ ਨੂੰ ਨਵੀਂ ਠੰਡਕ ਕਿੱਥੋਂ ਮਿਲੇਗੀ ਤੇ ਫਿਰ ਬਾਰਿਸ਼ ਕਿੱਦਾਂ ਹੋਵੇਗੀ

ਹੁਣ ਜੇ ਅੰਕੜਿਆਂ ਵੱਲ ਝਾਤ ਮਾਰੀਏ ਤਾਂ ਇੱਕ ਦਰਖ਼ਤ ਇੱਕ ਸਾਲ ਵਿੱਚ 21 ਕਿੱਲੋ ਕਾਰਬਨ ਡਾਈਆਕਸਾਈਡ ਸੋਖਦਾ ਹੈ ਤੇ ਇਸ ਦੇ ਬਦਲੇ ਸਾਨੂੰ ਆਕਸੀਜਨ ਦਿੰਦਾ ਹੈ। ਇੱਕ ਇਨਸਾਨ ਨੂੰ ਪੂਰਾ ਜੀਵਨ ਸਾਹ ਲੈਣ ਲਈ ਘੱਟੋ ਘੱਟ 18 ਦਰਖ਼ਤਾਂ ਦੀ ਲੋੜ ਹੁੰਦੀ ਹੈ। ਜੇ ਧਰਤੀ ਦੇ ਅੰਕੜਿਆਂ 'ਤੇ ਝਾਤ ਮਾਰੀਏ ਤਾਂ ਇੱਕ ਇਨਸਾਨ ਕੋਲ਼ ਫਿਲਹਾਲ 400 ਦੇ ਕਰੀਬ ਦਰਖ਼ਤ ਹਨ ਪਰ ਜੇ ਆਪਾਂ ਭਾਰਤ ਦੇ ਅੰਕੜਿਆਂ ਤੇ ਝਾਤ ਮਾਰੀਏ ਤਾਂ ਭਾਰਤ ਦੇ ਇੱਕ ਇਨਸਾਨ ਕੋਲ਼ ਸਿਰਫ 28 ਦਰਖ਼ਤ ਹੀ ਬਚੇ ਹਨ। ਇੱਕ ਵੱਡਾ ਦਰਖ਼ਤ ਇੱਕ ਦਿਨ ਵਿੱਚ ਇੰਨੀ ਆਕਸੀਜਨ ਛੱਡਦਾ ਹੈ ਕਿ ਚਾਰ ਆਦਮੀ ਉਸ ਨਾਲ ਸਾਹ ਲੈ ਸਕਦੇ ਹਨ। ਇੱਕ ਦਰਖ਼ਤ ਧਰਤੀ ਦੇ ਵਾਤਾਵਰਨ ਨੂੰ ਇੱਕ ਦਿਨ ਵਿੱਚ ਇੰਨਾ ਠੰਡਾ ਕਰਦਾ ਹੈ, ਜਿੰਨਾ ਇੱਕ ਏ.ਸੀ. 20 ਘੰਟੇ ਚੱਲਣ 'ਤੇ ਕਰਦਾ ਹੈ। ਹੁਣ ਇਹ ਸੋਚੋ ਕਿ ਤੁਸੀਂ ਇਹ ਦਰਖ਼ਤ ਲਗਾਣੇ ਹਨ ਜਾਂ ਵੱਢਣੇ ਹਨ ?

ਦੇਸ਼ ਪੰਜਾਬ ਦਾ ਹਰ ਬੰਦਾ ਜਿਸ ਕੋਲ਼ ਜ਼ਮੀਨ ਹੈ ਜੇ ਉਹ ਹੁਣ ਵੀ ਆਪਣੀ ਥੋੜੀ-ਥੋੜੀ ਜ਼ਮੀਨ ਉੱਪਰ ਫ਼ਲਦਾਰ ਅਤੇ ਛਾਂਦਾਰ ਦਰਖ਼ਤ ਲਾ ਕੇ ਆਪਣੇ ਪੋਤਿਆਂ-ਦੋਹਤਿਆਂ ਨੂੰ ਅਰਪਣ ਕਰ ਦੇਣ ਤਾਂ ਸ਼ਾਇਦ ਸਾਡੀਆਂ ਪੀੜੀਆਂ ਇਸ ਧਰਤੀ ਉੱਪਰ ਹਰਿਆਲੀ ਵੇਖ ਸਕਣਗੀਆਂ ਨਹੀਂ ਤਾਂ ਜੋ ਨਤੀਜੇ ਨਿਕਲਣਗੇ ਉਹ ਬਹੁਤ ਭਿਆਨਕ ਹੋਣਗੇ।

ਹੁਣ ਜਿਸ ਤਰ੍ਹਾਂ ਕਿ ਆਪਾਂ ਵੇਖਦੇ ਹਾਂ ਕਿ ਪਿਛਲੇ ਕੁਝ ਸਮੇਂ 'ਚ ਰੁਝਾਨ ਚੱਲਿਆ ਹੈ ਛੋਟੇ-ਛੋਟੇ ਜੰਗਲ ਲਗਾਉਣ ਦਾ; ਜਿਸ ਨੂੰ ਆਪਾਂ ਵੀ ਆਪਣੀਆਂ ਜ਼ਮੀਨਾਂ ਦੇ ਉੱਪਰ ਲਾ ਸਕਦੇ ਹਾਂ। ਜਿਸ ਨਾਲ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਬਹੁਤ ਫ਼ਾਇਦਾ ਹੋਵੇਗਾ ਉਹ ਵੀ ਆਪਣੀ ਜਿੰਦਗੀ ਇਸ ਧਰਤੀ 'ਤੇ ਜੀਓ ਸਕਣਗੇ। ਫ਼ੈਸਲਾ ਤੁਹਾਡੇ ਹੱਥ।

* * * *

– ਹਰਸਿਮਰਨਜੀਤ ਸਿੰਘ ਜਰਮਨੀ

# ਸਾਡੇ ਜੀਵਨ ਵਿੱਚ ਦਰਖਤਾਂ ਦੀ ਮਹੱਤਤਾ

ਦਰਖ਼ਤ ਸਾਡੀ ਧਰਤੀ ਦਾ ਹਿੱਸਾ ਹਜ਼ਾਰਾਂ ਲੱਖਾਂ ਸਾਲਾਂ ਤੋਂ ਹਨ। ਇਹ ਸਾਡੀ ਧਰਤੀ ਦਾ ਇੱਕ ਅਨਿਖੜਵਾਂ ਅੰਗ ਹਨ। ਅਸੀਂ ਆਪਣੇ ਲਾਲਚ ਨੂੰ ਇੰਨਾ ਵਧਾ ਲਿਆ ਕਿ ਲੱਕੜ ਵੇਚ ਕੇ ਪੈਸਾ ਵੱਟਣ ਦੇ ਚੱਕਰ ਵਿੱਚ ਹੌਲੀ-ਹੌਲੀ ਸਾਰੇ ਦਰਖ਼ਤ ਵੱਢ ਕੇ ਵੇਚ ਖਾਧੇ। ਜੋ ਕਿ ਕਦੇ ਸਾਡੇ ਵੱਡੇ-ਵਡੇਰਿਆਂ ਨੇ ਛਾਂ ਵਾਸਤੇ, ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਵਾਸਤੇ, ਆਕਸੀਜਨ ਵਾਸਤੇ, ਪਾਣੀ ਦੀ ਬੱਚਤ ਵਾਸਤੇ ਤੇ ਹੋਰ ਪਤਾ ਨਹੀਂ ਕੀ-ਕੀ ਸੋਚ ਕੇ ਆਪਣੀ ਆਉਣ ਵਾਲ਼ੀ ਪੀੜੀ ਲਈ ਲਾਏ ਸਨ ਕਿ ਸਾਡੇ ਪੁੱਤ-ਪੋਤਰੇ ਇਹਨਾਂ ਦੀ ਛਾਵੇਂ ਬੈਠਣਗੇ, ਇਹਨਾਂ ਦੇ ਫ਼ਲ ਖਾਣਗੇ ਪਰ ਉਹਨਾਂ ਨੇ ਇਹ ਕਦੀ ਖ਼ਿਆਲ ਵਿੱਚ ਵੀ ਨਹੀਂ ਲਿਆਂਦਾ ਹੋਣਾ ਕਿ ਬਸ ਉਹਨਾਂ ਦੇ ਜਾਣ ਦੀ ਦੇਰ ਹੈ ਕਿ ਪੁੱਤ-ਪੋਤਰਿਆਂ ਨੇ ਇਹ ਦਰਖ਼ਤ ਵੱਢ ਕੇ ਵੇਚ ਕੇ ਪੈਸੇ ਵੱਟ ਲੈਣੇ।

ਹੁਣ ਗੱਲ ਕਰਦੇ ਹਾਂ ਜੀ ਅੱਜ ਤੋਂ 25-30 ਸਾਲ ਪਿੱਛੇ ਚਲੇ ਜਾਈਏ, ਯਾਨੀ ਕਿ ਸਾਡੇ ਬਚਪਨ ਦੇ ਵੇਲੇ ਦੀ ਗੱਲ ਕਰੀਏ। ਉਸ ਸਮੇਂ ਹਰ ਮੋਟਰ ’ਤੇ, ਹਰ ਬੰਬੀ ’ਤੇ, ਹਰ ਖੂਹ ’ਤੇ ਦਰਖ਼ਤ ਹੁੰਦੇ ਸਨ ਫ਼ਲਦਾਰ ਤੇ ਛਾਂਦਾਰ। ਜਦੋਂ ਫ਼ਸਲਾਂ ਨੂੰ ਪਾਣੀ ਲਾਉਣਾ ਤਾਂ ਸਾਡੇ ਦਾਦਿਆਂ ਨੇ ਓਥੇ ਰਲ਼-ਬੈਠ ਕੇ ਦੁਪਹਿਰਾ ਕੱਟਣਾ ਤੇ ਰਲ਼ ਕੇ ਰੋਟੀ ਖਾਣੀ, ਗੱਲਾਂਬਾਤਾਂ ਕਰਨੀਆਂ। ਜਿਸ ਨਾਲ ਆਪਸੀ ਪਿਆਰ ਤੇ ਭਾਈਚਾਰਕ ਸਾਂਝ ਹੋਰ ਪੱਕੀ ਹੁੰਦੀ। ਅਸੀਂ ਓਥੇ ਉਹਨਾਂ ਦੀ ਰੋਟੀ ਲੈ ਕੇ ਜਾਣੀ ਕਦੀ ਜਾਮਨੂੰ, ਕਦੀ ਅੰਬ, ਕਦੀ ਕੇਲੇ, ਤੂਤ, ਅਮਰੂਦ, ਆੜੂ ਅਜਿਹੇ ਹੋਰ ਵੀ ਬਹੁਤ ਸਾਰੇ ਦਰਖ਼ਤਾਂ ਤੋਂ ਫ਼ਲ ਤੋੜ ਕੇ ਖਾਣੇ।

ਤੇ ਕਈ ਵਾਰ ਮੁਫ਼ਤ ਫ਼ਲ ਖਾਣ ਦੀ ਚਾਹ ਨੇ ਦੂਰ ਵੀ ਲੈ ਕੇ ਜਾਣਾ ਕਿ ਕਿਸੇ ਹੋਰ ਮੋਟਰ ਤੋਂ ਫ਼ਲ ਖਾ ਕੇ ਆਉਂਦੇ ਹਾਂ। ਫਿਰ ਓਥੇ ਜਾ ਕੇ ਕਦੀ ਫ਼ਲ ਖਾਣ ਨੂੰ ਮਿਲਦੇ ਤੇ ਕਦੀ ਗਾਲ਼ਾਂ ਤੇ ਝਿੜਕਾਂ ਖਾਣ ਨੂੰ ਮਿਲਦੀਆਂ ਕਿਉਂਕਿ ਅਸੀਂ ਸਾਰੇ ਰਸਤੇ ਸ਼ਰਾਰਤਾਂ ਕਰਦੇ ਜਾਣਾ ਤੇ ਕਈ ਵਾਰ ਫਸਲਾਂ ਦਾ ਨੁਕਸਾਨ ਵੀ ਕਰ ਦਿੰਦੇ ਸੀ। ਪਰ ਉਹ ਗਾਲ਼ਾਂ ਤੇ ਝਿੜਕਾਂ ਵੀ ਪਿਆਰੀਆਂ ਲੱਗਦੀਆਂ ਸਨ।

ਪਹਿਲਾਂ ਸਮੇਂ ਦੀ ਗੱਲ ਕਰੀਏ ਤਾਂ ਘਰਾਂ ਦੀ ਬਣਤਰ ਇਸ ਤਰ੍ਹਾਂ ਸੀ ਕਿ ਹਰ ਘਰ ਵਿੱਚ ਦੋ ਜਾਂ ਤਿੰਨ ਦਰਖ਼ਤ ਜ਼ਰੂਰ ਹੁੰਦੇ ਸਨ। ਤੂਤ, ਧਰੇਕ ਤੇ ਕੋਈ ਨਾ ਕੋਈ ਫ਼ਲਦਾਰ ਦਰਖ਼ਤ ਹਰ ਵਿਹੜੇ ਵਿੱਚ ਹੁੰਦਾ ਸੀ ਜਿਸ ਦਾ ਅਸਰ ਇਹ ਹੁੰਦਾ ਸੀ ਕਿ ਇੱਕ ਤਾਂ ਸਾਡੇ ਫੇਫੜਿਆਂ ਨੂੰ ਤਾਜ਼ੀ ਹਵਾ ਮਿਲਦੀ ਸੀ, ਵਾਤਾਵਰਨ ਸਾਫ਼ ਰਹਿੰਦਾ ਸੀ, ਪ੍ਰਦੂਸ਼ਣ ਘੱਟਦਾ ਸੀ ਤੇ ਦੂਸਰਾ ਕੁਦਰਤੀ ਪਾਣੀ ਰੀਸਾਈਕਲ ਹੁੰਦਾ ਸੀ।

ਪਹਿਲਾਂ ਵਿਹੜੇ ਵੀ ਕੱਚੇ ਹੁੰਦੇ ਸੀ ਤੇ ਦਰਖ਼ਤ ਵੀ ਬਹੁਤ ਹੁੰਦੇ ਸੀ। ਜਿੰਨਾ ਮਰਜ਼ੀ ਮੀਂਹ ਪੈਣਾ ਕੁਝ ਹੀ ਘੰਟਿਆਂ ਵਿੱਚ ਸਾਰਾ ਪਾਣੀ ਜ਼ਮੀਨ ਸੋਖ ਲੈਂਦੀ ਸੀ। ਜੋ ਕਿ ਕੁਦਰਤੀ ਤੌਰ ’ਤੇ ਫਿਲਟਰ ਹੋ ਕੇ ਸਾਡੀ ਧਰਤੀ ਵਿੱਚ ਚਲਾ ਜਾਂਦਾ ਸੀ। ਜਿਸ ਨਾਲ ਪਾਣੀ ਦਾ ਪੱਧਰ ਠੀਕ ਸੀ। ਪਰ ਜੇ ਹੁਣ ਅੱਜ ਦੇ ਸਮੇਂ ਦੀ ਗੱਲ ਕਰੀਏ ਤਾਂ ਸਾਡੇ ਦੇਸ਼ ਪੰਜਾਬ ਵਿੱਚ ਇੱਕ ਅਜਿਹੀ ਬਿਮਾਰੀ ਫੈਲੀ ਕਿ ਸਭ ਤੋਂ ਪਹਿਲਾਂ ਅਸੀਂ ਜ਼ਮੀਨਾਂ ’ਤੇ ਲੱਗੇ ਸਾਰੇ ਦਰਖ਼ਤ ਖ਼ਤਮ ਕਰ ਦਿੱਤੇ। ਅਸੀਂ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ। ਫਿਰ ਕੁਝ ਸਮੇਂ ਬਾਅਦ ਜਦੋਂ ਦਿਮਾਗੀ ਕੀੜੇ ਨੇ ਹੋਰ ਹਲਚਲ ਕੀਤੀ ਤਾਂ ਅਸੀਂ ਆਪਣੇ ਘਰਾਂ ਵਿੱਚ ਲੱਗੇ ਸਾਰੇ ਦਰਖ਼ਤ ਵੱਢ ਕੇ ਵਿਹੜਿਆਂ ਵਿੱਚ ਪੱਥਰ ਲਗਾ ਦਿੱਤਾ। ਨਤੀਜਾ ਇਹ ਹੋਇਆ ਕਿ ਜਿਹੜੇ ਦਰਖ਼ਤਾਂ ਦੀਆਂ ਜੜ੍ਹਾਂ ਪਾਣੀ ਨੂੰ ਥੱਲੇ ਧਰਤੀ ਵਿੱਚ ਲੈ ਕੇ ਜਾਂਦੀਆਂ ਸਨ, ਉਹ ਵੀ ਖ਼ਤਮ ਕਰ ਦਿੱਤੀਆਂ।



ਦਰਖ਼ਤਾਂ ਤੇ ਪਾਣੀ ਦੀ ਸੰਭਾਲ਼ ਕਰੀਏ


ਸਰਕਾਰਾਂ ਦੇ ਕੀ ਕੰਮ ਹੁੰਦੇ ਹਨ? ਸਰਕਾਰਾਂ ਕਾਹਦੇ ਵਾਸਤੇ ਬਣਾਈਆਂ ਜਾਂਦੀਆਂ ਹਨ? ਇਹਨਾਂ ਦਾ ਕੰਮ ਇਹੀ ਹੁੰਦਾ ਹੈ ਕਿ ਅਸੀਂ ਆਪਣੇ ਦੇਸ਼ ਦੇ ਨਾਗਰਿਕਾਂ ਦੀ ਜਾਨ-ਮਾਲ ਦੀ ਰੱਖਿਆ ਕਿਵੇਂ ਕਰਨੀ ਹੈ, ਕਿਵੇਂ ਉਹਨਾਂ ਨੂੰ ਸੁੱਖ-ਸਹੂਲਤਾਂ ਦੇਣੀਆਂ ਹਨ, ਕਿਵੇਂ ਉਹਨਾਂ ਦੀ ਵਿੱਦਿਆ ਦਾ ਇੰਤਜ਼ਾਮ ਕਰਨਾ ਹੈ, ਕਿਵੇਂ ਉਹਨਾਂ ਦੀ ਸਿਹਤ ਦਾ ਖ਼ਿਆਲ ਕਰਨਾ ਹੈ, ਕਿਵੇਂ ਉਹਨਾਂ ਨੂੰ ਰੋਜ਼ਗਾਰ ਦੇਣਾ ਹੈ ਪਰ ਹੁਣ ਜੇ ਪਿਛਲੇ ਸਮੀਕਰਨਾਂ ’ਤੇ ਝਾਤ ਮਾਰੀਏ ਤਾਂ ਸਾਫ਼ ਪਤਾ ਚੱਲਦਾ ਹੈ ਕਿ ਕਿਵੇਂ ਕੇਂਦਰ ਸਰਕਾਰ ਦੇ ਨਾਲ ਰਲ਼ ਕੇ ਪੰਜਾਬ ਦੀਆਂ ਸਰਕਾਰਾਂ ਨੇ ਆਪਣੇ ਨਾਗਰਿਕਾਂ ਦੀ ਸਿਹਤ ਤੇ ਜਾਨੀ ਮਾਲ ਦੀ ਰੱਖਿਆ ਕਿੰਨੀ ਕੁ ਕੀਤੀ ਹੈ, ਇਸ ਦਾ ਅੰਦਾਜ਼ਾ ਸਕੂਲਾਂ ਨਾਲੋਂ ਜ਼ਿਆਦਾ ਨਿੱਜੀ ਹਸਪਤਾਲ ਅਤੇ ਡਾਕਟਰਾਂ ਦੀਆਂ ਦੁਕਾਨਾਂ ਦੀ ਗਿਣਤੀ ਵੇਖ ਕੇ ਸਹਿਜੇ ਹੀ ਲਾਇਆ ਜਾ ਸਕਦਾ ਹੈ। ਕਿਵੇਂ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਵਿੱਚ ਕੈਂਸਰ, ਦਿਲ ਦੇ ਰੋਗ, ਕਾਲ਼ਾ ਪੀਲੀਆ ਤੇ ਹੋਰ ਕਿੰਨੀਆਂ ਹੀ ਨਾ-ਮੁਰਾਦ ਬਿਮਾਰੀਆਂ ਨੇ ਹਰ ਘਰ ਵਿੱਚ ਆਪਣਾ ਵਾਸਾ ਕੀਤਾ ਹੋਇਆ ਹੈ। ਕੀ ਅਸੀਂ ਕਦੇ ਇਹ ਸੋਚਿਆ-ਵਿਚਾਰਿਆ ਹੈ ਕਿ ਇਹ ਸਭ ਬਿਮਾਰੀਆਂ ਜ਼ਿਆਦਾਤਰ ਪੰਜਾਬ ਵਿੱਚ ਹੀ ਕਿਉਂ ਹਨ ਤੇ ਕਿੱਥੋਂ ਆ ਗਈਆਂ?

ਇਸ ਦਾ ਮੁੱਢਲਾ ਕਾਰਨ ਇਹ ਹੀ ਹੈ ਕਿ ਅਸੀਂ ਕੁਦਰਤ ਨਾਲ ਛੇੜਛਾੜ ਕੀਤੀ ਹੈ। ਜਿਸ ਦਾ ਨਤੀਜਾ ਅਸੀਂ ਭੁਗਤ ਰਹੇ ਹਾਂ ਤੇ ਇਸ ਤੋਂ ਵੀ ਗੰਭੀਰ ਨਤੀਜੇ ਸਾਡੀਆਂ ਆਉਣ ਵਾਲ਼ੀਆਂ ਨਸਲਾਂ ਭੁਗਤਣਗੀਆਂ।

ਜੇਕਰ ਅਸੀਂ ਹੁਣ ਵੀ ਪੰਜਾਬ ਵਿੱਚ ਚੱਲ ਰਹੀ ਸਭ ਤੋਂ ਵੱਡੀ ਮੁਸ਼ਕਿਲ ਪਾਣੀ ਅਤੇ ਵਾਤਾਵਰਨ ਦੀ ਸਮੱਸਿਆ ਦਾ ਸਹੀ ਸਮੇਂ ’ਤੇ ਹੱਲ ਨਾ ਕੀਤਾ ਤਾਂ ਫਿਰ ਬਾਅਦ ਵਿੱਚ ਬਗੈਰ ਪਛਤਾਵੇ ਤੋਂ ਕੁਝ ਵੀ ਨਹੀਂ ਹੋਏਗਾ। ਪਾਣੀ ਅਤੇ ਵਾਤਾਵਰਨ ਦੀ ਸਮੱਸਿਆ ਦਾ ਸਭ ਤੋਂ ਵੱਡਾ ਹੱਲ ਹਨ ਦਰਖ਼ਤ। ਜਿਵੇਂ ਅਸੀਂ ਇਸ ਰਸਾਲੇ ਦੇ ਪਿਛਲੇ ਅੰਕ ਵਿੱਚ ਪੜ੍ਹਿਆ ਹੈ ਕਿ ਪੰਜਾਬ ਕੋਲ਼ ਸਿਰਫ਼ 15-20 ਸਾਲਾਂ ਦਾ ਪਾਣੀ ਹੀ ਬਾਕੀ ਹੈ। ਫਿਰ ਸਾਡੀਆਂ ਜ਼ਮੀਨਾਂ ਬੰਜਰ ਹੋਣਗੀਆਂ, ਇਸ ਗੱਲ ਤੋਂ ਅਸੀਂ ਮੁਨਕਰ ਨਹੀਂ ਹੋ ਸਕਦੇ। ਜੇ ਅਸੀਂ ਹੁਣ ਤੋਂ ਹੀ ਦਰਖ਼ਤ ਲਾਉਣੇ ਸ਼ੁਰੂ ਕਰਾਂਗੇ ਤਾਂ 8-10 ਸਾਲਾਂ ਤਕ ਇਹ ਵੱਡੇ ਹੋਣਗੇ ਤੇ ਫਿਰ ਸਾਨੂੰ ਇਹਨਾਂ ਦਾ ਜੋ ਫ਼ਾਇਦਾ ਹੋਏਗਾ ਉਹ ਅਸੀਂ ਸੋਚ ਵੀ ਨਹੀਂ ਸਕਦੇ। ਇੱਕ ਤਾਂ ਜ਼ਿਆਦਾਤਰ ਜ਼ਮੀਨ ਜਿਸ ਉੱਪਰ ਅਸੀਂ ਝੋਨਾ ਲਾ ਕੇ ਪਾਣੀ ਦਾ ਪੱਧਰ ਘਟਾ ਰਹੇ ਹਾਂ ਓਹੀ ਜ਼ਮੀਨ ਦਰਖ਼ਤਾਂ ਥੱਲੇ ਆਏਗੀ। ਜਿਸ ਨਾਲ ਬਾਰਿਸ਼ਾਂ ਵਿੱਚ ਵਾਧਾ ਹੋਏਗਾ ਤੇ ਜ਼ਮੀਨ ਵਿੱਚ ਧੱਸੀਆਂ ਜੜ੍ਹਾਂ ਰਾਹੀਂ ਸਾਡਾ ਜ਼ਮੀਨੀ ਪਾਣੀ ਦਾ ਪੱਧਰ ਵੀ ਉੱਚਾ ਹੋਵੇਗਾ। ਫਿਰ ਸਾਫ਼-ਸੁਥਰੀ ਹਵਾ ਫੇਫੜਿਆਂ ਵਿੱਚ ਜਾਣ ਨਾਲ ਬਿਮਾਰੀਆਂ ਘੱਟਣਗੀਆਂ। ਫਿਰ ਜੇ ਅਸੀਂ ਰੋਜ਼ਾਨਾ ਇੱਕ ਜਾਂ ਦੋ ਘੰਟੇ ਇਹਨਾਂ ਦਰੱਖਤਾਂ ਥੱਲੇ ਬੈਠਦੇ ਹਾਂ ਤਾਂ ਇਸ ਨਾਲ ਵੀ ਸਾਡਾ ਸਰੀਰ ਕਈ ਬਿਮਾਰੀਆਂ ਤੋਂ ਅਰੋਗ ਹੋਏਗਾ ਜਿਸ ਬਾਰੇ ਸ਼ਾਇਦ ਅਸੀਂ ਜਾਣਦੇ ਨਹੀਂ। ਸਾਡਾ ਅਵਾਜ਼ ਦਾ ਪ੍ਰਦੂਸ਼ਣ ਵੀ ਖ਼ਤਮ ਘਟੇਗਾ। ਪੰਜਾਬ ਵਿੱਚ ਹਰ ਸਾਲ ਵੱਧ ਰਹੀ ਗਰਮੀ ਤੋਂ ਵੀ ਸਾਨੂੰ ਰਾਹਤ ਮਿਲੇਗੀ।

ਜਿਹੜੇ ਇਲਾਕਿਆਂ ਵਿੱਚ ਦਰਖ਼ਤ ਨਹੀਂ ਹਨ ਜਿਵੇਂ ਕਿ ਸ਼ਹਿਰ; ਅਤੇ ਜਿੱਥੇ ਦਰਖ਼ਤ ਜ਼ਿਆਦਾ ਹਨ, ਦੋਹਾਂ ਦੇ ਤਾਪਮਾਨ ਵਿੱਚ ਸਾਨੂੰ ਪੰਜ ਡਿਗਰੀ ਤਾਪਮਾਨ ਦਾ ਫ਼ਰਕ ਅਸਾਨੀ ਨਾਲ ਮਹਿਸੂਸ ਹੋ ਜਾਂਦਾ ਹੈ। ਸਾਫ਼ ਪਤਾ ਲੱਗ ਜਾਂਦਾ ਹੈ

ਬਾਕੀ ਹਿੱਸਾ ਸਫ਼ਾ ਨੰਬਰ 17 ਤੇ




# ਮੂਸੇਵਾਲ਼ਾ ਕੌਣ ?

ਕੀਮਤ : 375/-

**ਸੁਰਜੀਤ ਸਿੰਘ ਜਰਮਨੀ**

ਸ਼ੁੱਭਦੀਪ ਸਿੰਘ ਸਿੱਧੂ ਮੂਸੇਵਾਲ਼ਾ ਨੂੰ ਇੱਕ ਕਲਾਕਾਰ ਜਾਂ ਰੈਪਰ ਦੇ ਤੌਰ 'ਤੇ ਤਕਰੀਬਨ ਸਾਰੇ ਹੀ ਜਾਣਦੇ ਹਨ ਪਰ ਉਸ ਦਾ ਅਸਲ ਰੂਪ ਜਿਹੜਾ ਪੰਜਾਬ ਅਤੇ ਪੰਜਾਬੀਅਤ ਪੱਖੀ ਸੀ ਉਹ ਬਹੁਤ ਘੱਟ ਲੋਕ ਜਾਣਦੇ ਹਨ। ਇਸ ਕਿਤਾਬ 'ਚ ਅਣਖ਼ੀ ਪੰਜਾਬ ਦੇ ਅਣਖ਼ੀਲੇ ਪੰਜਾਬੀ ਸਿੱਧੂ ਮੂਸੇਵਾਲ਼ਾ ਦੀ ਦਾਸਤਾਨ ਲਿਖੀ ਗਈ ਹੈ ਜਿਸ ਤੋਂ ਸਰਕਾਰਾਂ ਨੂੰ ਖ਼ਤਰਾ ਮਹਿਸੂਸ ਹੁੰਦਾ ਸੀ ਤੇ ਨਸ਼ੇ ਦੇ ਵਪਾਰੀਆਂ, ਫਿਰੌਤੀਆਂ ਮੰਗਣ ਵਾਲ਼ਿਆਂ ਤੇ ਸਰਮਾਏਦਾਰਾਂ ਨੂੰ ਜਦੋਂ ਉਸ ਨੇ ਟੱਕਰ ਦੇਣੀ ਸ਼ੁਰੂ ਕੀਤੀ, ਨੌਜਵਾਨਾਂ ਨੂੰ ਜਗਾ ਕੇ ਆਪਣੇ ਮੂਲ ਨਾਲ ਜੋੜਨਾ ਸ਼ੁਰੂ ਕੀਤਾ, ਪੰਜਾਬ ਦੇ ਹੱਕਾਂ ਅਤੇ ਸ਼ਹੀਦਾਂ ਦੀ ਗੱਲ ਕੀਤੀ ਤਾਂ ਫਿਰ ਸਿੱਧੂ ਮੂਸੇਵਾਲ਼ਾ ਦਾ ਸਰਕਾਰਾਂ ਨੇ ਕਤਲ ਕਰਵਾ ਦਿੱਤਾ।

'ਸਿੱਧੂ ਮੂਸੇਵਾਲ਼ਾ' ਜਦੋਂ ਗਾਇਕੀ 'ਚ ਬੁਲੰਦੀਆਂ ਛੂਹ ਰਿਹਾ ਸੀ ਤਾਂ ਉਸ ਨੇ ਆਪਣੇ ਸਿਰੋਂ ਪੱਗ ਨਾ ਉਤਾਰੀ ਜਦਕਿ ਗਾਇਕੀ ਅਤੇ ਫ਼ਿਲਮੀ ਖੇਤਰ 'ਚ ਅਕਸਰ ਹੀ ਗਾਇਕ ਅਤੇ ਅਦਾਕਾਰ ਅਜਿਹਾ ਕਰ ਜਾਂਦੇ ਹਨ, ਉਹ ਸਿੱਖ ਪਛਾਣ ਤੋਂ ਦੂਰ ਹੋ ਜਾਂਦੇ ਹਨ, ਕੇਸਾਂ ਅਤੇ ਪੱਗ 'ਚ ਆਪਣੇ ਆਪ ਨੂੰ ਹੀਣਾ ਅਤੇ ਪੱਛੜਿਆ ਹੋਇਆ ਮਹਿਸੂਸ ਕਰਨ ਲਗ ਪੈਂਦੇ ਹਨ, ਪੱਛਮੀ ਸੱਭਿਆਚਾਰ ਕਬੂਲ ਲੈਂਦੇ ਹਨ ਅਤੇ ਪੰਜਾਬ ਨੂੰ ਛੱਡ ਕੇ ਦਿੱਲੀ, ਬੰਬੇ ਜਾਂ ਵਿਦੇਸ਼ਾਂ 'ਚ ਰਹਿਣ ਨੂੰ ਤਰਜੀਹ ਦਿੰਦੇ ਹਨ। ਪਰ ਸਿੱਧੂ ਮੂਸੇਵਾਲ਼ਾ ਇਸ ਤੋਂ ਬਿਲਕੁਲ ਉਲ਼ਟ ਸੀ ਤੇ ਉਹ ਹੋਰਨਾਂ ਲਈ ਮਿਸਾਲ ਬਣਿਆ। ਉਸ ਨੇ ਕੈਨੇਡਾ ਛੱਡ ਕੇ ਪੰਜਾਬ ਦੀ ਧਰਤੀ ਨੂੰ ਚੁਣਿਆ ਤੇ ਆਪਣੇ ਆਪ ਨੂੰ 'ਟਿੱਬਿਆ ਦਾ ਪੁੱਤ' ਅਖਵਾ ਕੇ ਮਾਣ ਮਹਿਸੂਸ ਕੀਤਾ।

ਸਿੱਧੂ ਮੂਸੇਵਾਲ਼ੇ ਦੇ ਚਰਚਿਤ ਗੀਤ ਐੱਸ.ਵਾਈ.ਐੱਲ. ਦੀਆਂ ਇਹ ਲਾਈਨਾਂ ਵੱਡੇ ਅਰਥ ਰੱਖਦੀਆਂ ਹਨ ਕਿ ਜੇ ਦਰਿਆਈ ਪਾਣੀ ਲੁੱਟਣ ਤੋਂ ਬਾਜ ਨਾ ਆਏ ਤਾਂ 'ਫੇਰ ਭਾਈ ਬਲਵਿੰਦਰ ਸਿੰਘ ਜਟਾਣਾ ਆਊ।' ਉਸ ਨੇ ਹਕੂਮਤੀ-ਤੰਤਰ ਨੂੰ ਖੁੱਲ੍ਹ ਕੇ ਲਲਕਾਰਿਆ ਤੇ ਸਰਕਾਰ ਨੇ ਗੀਤ 'ਤੇ ਪਬੰਦੀ ਲਾ ਦਿੱਤੀ। ਅੱਜ ਸਿੱਖ ਅਤੇ ਪੰਜਾਬੀ ਪੂਰੇ ਜਾਹੋ-ਜਲਾਲ ਨਾਲ਼ ਇਸ ਗੀਤ ਦੇ ਬਹਾਨੇ ਅਹਿਦ ਕਰੀ ਦਿਸ ਰਹੇ ਹਨ ਕਿ ਅਸੀਂ ਪੰਜਾਬ ਨੂੰ ਬੰਜਰ ਨਹੀਂ ਹੋਣ ਦਿਆਂਗੇ, ਆਪਣੇ ਹੱਕ ਲੈ ਕੇ ਰਹਾਂਗੇ। ਸਿੱਧੂ ਮੂਸੇਵਾਲਾ ਦੀ ਪੰਥ ਅਤੇ ਪੰਜਾਬ ਪੱਖੀ ਸ਼ਖ਼ਸੀਅਤ ਨੂੰ ਜਾਣਨ-ਪਹਿਚਾਨਣ ਅਤੇ ਉਸ ਦੇ ਕਤਲ ਦੇ ਭੇਦਾਂ ਬਾਰੇ ਸਮਝਣ ਲਈ ਲੇਖਕ ਸੁਰਜੀਤ ਸਿੰਘ ਜਰਮਨੀ ਦੀ ਨਵੀਂ ਛਪੀ ਕਿਤਾਬ 'ਮੂਸੇਵਾਲ਼ਾ ਕੌਣ' ਜ਼ਰੂਰ ਮੰਗਵਾਓ ਅਤੇ ਪੜ੍ਹੋ।

# ਹੋਂਦ ਦਾ ਨਗਾਰਚੀ

## ਸੰਦੀਪ ਸਿੰਘ ਦੀਪ ਸਿੱਧੂ

ਕੀਮਤ (ਭਾਰਤ ਚ): 500 ਰੁਪਏ,
ਵਿਦੇਸ਼ਾਂ ਲਈ : 1700 ਰੁਪਏ

**ਸੰਪਾਦਕ : ਰਣਜੀਤ ਸਿੰਘ ਦਮਦਮੀ ਟਕਸਾਲ**




ਬਾਈ 'ਦੀਪ ਸਿੱਧੂ' ਨੇ ਪੰਜਾਬ ਦੀ ਜਵਾਨੀ ਨੂੰ ਇੱਕ ਨਵਾਂ ਮੁਹਾਵਰਾ ਦਿੱਤਾ। ਉਸ ਨੇ 'ਅਜ਼ਾਦੀ', 'ਸਟੇਟਹੁੱਡ' ਤੇ 'ਖਾਲਿਸਤਾਨ' ਦੀ ਗੱਲ ਨੂੰ ਸਹਿਜ ਕੀਤਾ ਹੈ।

ਬਾਈ 'ਦੀਪ ਸਿੱਧੂ' ਨੂੰ ਬਹੁਤ ਥੋੜਾ ਸਮਾਂ ਮਿਲ਼ਿਆ ਪਰ ਉਸ ਨੇ ਪੰਜਾਬ ਦੀ ਨੌਜਵਾਨੀ ਦੇ ਇੱਕ ਵੱਡੇ ਵਰਗ ਨੂੰ ਅਹਿਸਾਸ ਕਰਵਾਇਆ ਕਿ ਅਸੀਂ ਗ਼ੁਲਾਮ ਹਾਂ। ਉਸ ਨੇ ਰਾਜ ਦੀ ਗੱਲ ਕਰਨ ਨੂੰ ਪਵਿੱਤਰ ਜਜ਼ਬੇ ਦਾ ਦਰਜਾ ਦਿੱਤਾ। ਅੱਜ ਲੱਖਾਂ ਨੌਜਵਾਨ ਭਾਈ ਸੰਦੀਪ ਸਿੰਘ ਦੇ ਉਸ ਸੁੱਚੇ ਪ੍ਰਗਟਾਵੇ ਨਾਲ ਸਾਂਝ ਰੱਖਦੇ ਮਹਿਸੂਸ ਕਰਦੇ ਹਨ ਕਿ ਸਿੱਖ ਭਾਰਤ ਵਿੱਚ ਗ਼ੁਲਾਮ ਹਨ ਅਤੇ ਦੂਜੇ ਦਰਜੇ ਦੇ ਸ਼ਹਿਰੀ ਦੀ ਜ਼ਿੰਦਗੀ ਜੀਅ ਰਹੇ ਹਨ। ਦੀਪ ਦਾ ਸਰਲ ਮੁਹਾਵਰਾ, ਮਲੂਕ ਬੋਲ ਤੇ ਸਿੱਕੇਬੰਦ ਦਲੀਲ ਹਰ ਬੰਦੇ ਅੰਦਰ ਘਰ ਕਰ ਜਾਂਦੀ ਸੀ।

'ਪੰਥ ਵਸੈ ਮੈਂ ਉਜੜਾਂ' ਦੇ ਅਕਾਲੀ ਬੋਲਾਂ ਨੂੰ ਮੁੜ ਸੁਰਜੀਤ ਕਰ ਸ਼ਹੀਦੀ ਪਹਿਰੇ ਹੇਠ ਚਾਲਾਂ ਮਾਰ ਜਾਣ ਵਾਲੇ ਸ਼ਹੀਦ ਭਾਈ ਦੀਪ ਸਿੰਘ ਸਿੱਧੂ ਦੀ ਪੈੜ 'ਤੇ ਚਲਦਿਆਂ ਸੰਗਤਾਂ ਨੇ ਅਥਾਹ ਪਿਆਰ ਦਿੱਤਾ ਹੈ। ਗੁਰੂ ਸਾਨੂੰ ਵੀ ਉਸ ਇਲਾਹੀ ਸੁਪਨੇ ਨਾਲ਼ ਨਿਭ ਜਾਣ ਦੀ ਤਾਕਤ ਬਖ਼ਸ਼ੇ।

ਭਾਈ ਸੰਦੀਪ ਸਿੰਘ 'ਦੀਪ ਸਿੱਧੂ' ਦੇ ਜੀਵਨ ਅਤੇ ਸੰਘਰਸ਼ਮਈ ਇਤਿਹਾਸ, ਘਟਨਾਵਾਂ, ਯਾਦਾਂ, ਸਰਗਰਮੀਆਂ, ਕਾਰਵਾਈਆਂ ਅਤੇ ਤਕਰੀਰਾਂ ਨੂੰ ਲਿਖਤੀ ਰੂਪ 'ਚ ਸਾਂਭਣ ਲਈ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ 'ਹੋਂਦ ਦਾ ਨਗਾਰਚੀ- ਸੰਦੀਪ ਸਿੰਘ ਦੀਪ ਸਿੱਧੂ' ਕਿਤਾਬ ਸੰਪਾਦਤ ਕਰ ਕੇ ਬੇਹੱਦ ਸ਼ਲਾਘਾਯੋਗ ਉਪਰਾਲਾ ਕੀਤਾ ਹੈ, ਜੋ ਦੀਪ ਬਾਈ ਦੀਆਂ ਯਾਦਾਂ ਨੂੰ ਸੰਗਤਾਂ ਦੇ ਦਿਲਾਂ 'ਚ ਹਮੇਸ਼ਾਂ ਤਾਜ਼ਾ ਕਰਦਾ ਰਹੇਗਾ। ਇਸ ਕਾਰਜ ਦਾ ਅਸੀਂ 'ਵਾਰਿਸ ਪੰਜਾਬ ਦੇ' ਜਥੇਬੰਦੀ ਵੱਲੋਂ ਭਰਪੂਰ ਸਵਾਗਤ ਕਰਦੇ ਹਾਂ ਤੇ ਆਸ ਕਰਦੇ ਹਾਂ ਕਿ ਉਹ ਕਲਮ ਦਾ ਸਫ਼ਰ ਜਾਰੀ ਰੱਖਦਿਆਂ 'ਦੀਪ ਸਿੱਧੂ' ਬਾਰੇ ਬੇਅੰਤ ਲਿਖਤਾਂ ਖਾਲਸਾ ਪੰਥ ਦੀ ਝੋਲ਼ੀ 'ਚ ਪਾਉਂਦੇ ਰਹਿਣਗੇ।

## ਕਿਤਾਬ ਮੰਗਵਾਉਣ ਲਈ

**Whatsapp your Address at: 9855789851**

Contact: 98557-89851, 0183-50098 51

## ਨਵੰਬਰ 1984 ਸਿੱਖ ਕਤਲੇਆਮ

# ਬਿਹਾਰ 'ਚ ਸਿੱਖਾਂ ਦੀ ਨਸਲਕੁਸ਼ੀ, ਗੁਰਦੁਆਰੇ ਸਾੜੇ
# ਸਿੱਖ ਮਾਰੇ, ਸਿੱਖ ਬੀਬੀਆਂ ਦੀ ਪੱਤ ਲੁੱਟੀ

ਭਾਰਤ ਦੇ ਬਿਹਾਰ ਸੂਬੇ ਦੀ ਰਾਜਧਾਨੀ ਪਟਨਾ ਸਾਹਿਬ 'ਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਹੋਇਆ ਸੀ ਤੇ ਇੱਥੇ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਮੌਜੂਦ ਹੈ। ਇਸ ਸ਼ਹਿਰ ਨਾਲ਼ ਸਿੱਖਾਂ ਦੀ ਖ਼ਾਸ ਸਾਂਝ ਹੈ ਤੇ ਇੱਥੇ ਅਨੇਕਾਂ ਇਤਿਹਾਸਕ ਗੁਰਦੁਆਰੇ ਹਨ। ਜੂਨ 1984 'ਚ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਦੀ ਮੁੱਖ ਦੋਸ਼ਣ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਜਦੋਂ ਇੱਕ ਨਵੰਬਰ 1984 ਨੂੰ ਭਾਰਤ ਭਰ ਵਿੱਚ ਸਿੱਖਾਂ ਦਾ ਕਤਲੇਆਮ ਸ਼ੁਰੂ ਹੋਇਆ ਤਾਂ ਬਿਹਾਰ ਵਿੱਚ ਵੀ ਫ਼ਿਰਕੂ ਹਿੰਦੁਤਵੀਆਂ ਨੇ ਥਾਂ-ਥਾਂ ਉੱਤੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ, ਹਿੰਦੂਆਂ ਨੇ ਸਿੱਖਾਂ ਦੇ ਗੁਰੂ-ਘਰ ਵੀ ਨਾ ਬਖ਼ਸ਼ੇ, ਸਿੱਖ ਬੀਬੀਆਂ ਦੀਆਂ ਇੱਜ਼ਤਾਂ ਰੋਲੀਆਂ, ਸਿੱਖਾਂ ਦੀਆਂ ਜਾਇਦਾਦਾਂ ਲੁੱਟੀਆਂ ਤੇ ਹਜ਼ਾਰਾਂ ਸਿੱਖ ਮਾਰ-ਖਪਾ ਦਿੱਤੇ, ਸਿੱਖ ਹੋਣਾ ਹੀ ਸਿੱਖਾਂ ਲਈ ਜੁਰਮ ਬਣ ਗਿਆ।

ਉਸ ਸਮੇਂ ਹਿੰਦੂ ਭੀੜਾਂ ਜੋ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਵੀ ਹਮਲਾ ਕਰਨ ਪਹੁੰਚੀਆਂ, ਪਰ ਅੱਗੋਂ ਸੇਵਾਦਾਰਾਂ ਤੇ ਸੰਗਤਾਂ ਨੇ ਮੁਕਾਬਲਾ ਕਰਕੇ ਉਹਨਾਂ ਨੂੰ ਭਜਾ ਦਿੱਤਾ। ਫਿਰ ਹਿੰਦੂ ਭੀੜਾਂ ਨੇ ਗੁਰਦੁਆਰਾ ਗਊ ਘਾਟ 'ਤੇ ਹਮਲਾ ਕਰਕੇ ਇਤਿਹਾਸਕ ਅਤੇ ਕੀਮਤੀ ਨਿਸ਼ਾਨੀਆਂ ਸਾੜ ਦਿੱਤੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਹੱਥ ਲਿਖਤ ਸਰੂਪ (ਜਿਸ ਉੱਪਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਸਤਖ਼ਤ ਸਨ) ਨੂੰ ਅੱਗ ਲਾ ਦਿੱਤੀ। ਸੇਵਾਦਾਰ ਬੇਲਾ ਸਿੰਘ ਨੂੰ ਰਿਕਸ਼ੇ ਨਾਲ਼ ਬੰਨ੍ਹ ਕੇ ਘੜੀਸਿਆ, ਫਿਰ ਪੱਥਰ ਮਾਰ-ਮਾਰ ਕੇ ਸ਼ਹੀਦ ਕਰ ਦਿੱਤਾ। ਇੱਕ ਫ਼ੌਜੀ ਸਿੰਘ ਨੂੰ ਵੀ ਕਤਲ ਕਰਕੇ ਉਸ ਦੀ ਲਾਸ਼ ਗਾਇਬ ਕਰ ਦਿੱਤੀ। ਪਟਨਾ ਸਾਹਿਬ ਵਿੱਚ ਕਈ ਸਿੱਖਾਂ ਦੇ ਘਰਾਂ ਨੂੰ ਅੱਗ ਲਾਈ, ਦੁਕਾਨਾਂ ਲੁੱਟੀਆਂ ਤੇ ਕਈ ਸਿੱਖ ਗਾਇਬ ਕਰ ਦਿੱਤੇ ਤੇ ਅਨੇਕਾਂ ਗੁਰਦੁਆਰੇ ਸਾੜੇ ਗਏ।




ਹਿੰਦੂ ਕਾਤਲ ਭੀੜਾਂ ਨੇ ਹਜ਼ਾਰੀ ਬਾਗ ਵਿੱਚ ਸਰਕਾਰੀ ਸ਼ਹਿ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਕੀਤੀ ਤੇ ਪੈਟਰੋਲ ਛਿੜਕ ਕੇ ਅੱਗ ਲਾ ਦਿੱਤੀ ਤੇ ਰਾਮਗੜ੍ਹ ਕੈਂਟ ਵਿੱਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰਕੇ ਲਾਸ਼ਾਂ ਖੁਰਦ-ਬੁਰਦ ਕਰ ਦਿੱਤੀਆਂ। ਕਿਸੇ ਵੀ ਸਿਆਸੀ ਆਗੂ ਤੇ ਪੁਲਿਸ ਨੇ ਸਿੱਖਾਂ ਦੀ ਸਹਾਇਤਾ ਨਾ ਕੀਤੀ, ਹਰ ਹਿੰਦੂ ਸਿੱਖਾਂ ਦਾ ਵੈਰੀ ਬਣ ਗਿਆ।

ਡਾਲਟਨ ਗੰਜ ਵਿਖੇ ਹਿੰਦੂ ਭੀੜਾਂ ਅਤੇ ਪੁਲਿਸ ਨੇ ਮਿਲ਼ ਕੇ 60 ਦੇ ਕਰੀਬ ਸਿੱਖ ਫ਼ੌਜੀ ਕੋਹ-ਕੋਹ ਕੇ ਮਾਰ ਦਿੱਤੇ ਜਿਨ੍ਹਾਂ ਵਿੱਚ ਪ੍ਰਗਟ ਸਿੰਘ ਸਿਪਾਹੀ (ਵੜਿੰਗ ਮੋਹਨਪੁਰ, ਤਰਨ ਤਾਰਨ), ਬਲਬੀਰ ਸਿੰਘ ਨਾਇਕ (ਮਾਲ ਖੇੜਾ, ਬਠਿੰਡਾ), ਨਛੱਤਰ ਸਿੰਘ ਨਾਇਕ (ਕੋਠੇ ਕਲਾਂ ਮੇਘਾ, ਫਰੀਦਕੋਟ), ਕਰਤਾਰ ਸਿੰਘ (ਨਾਰਦਨ ਰੇਲਵੇ ਹੈੱਡਕਵਾਟਰ, ਨਵੀਂ ਦਿੱਲੀ), ਸੁਖਦੇਵ ਸਿੰਘ (ਡਾਲਟਨਗੰਜ) ਆਦਿ ਸਨ। ਇਹ ਸਾਰੇ ਫ਼ੌਜੀ ਜੋ ਛੁੱਟੀਆਂ 'ਤੇ ਜਾ ਰਹੇ ਸਨ ਤੇ ਇਹਨਾਂ ਨੂੰ ਰੇਲ ਗੱਡੀ ਵਿੱਚੋਂ ਲਾਹ ਕੇ ਸਿੱਖ ਹੋਣ ਕਰਕੇ ਸ਼ਹੀਦ ਕਰ ਦਿੱਤਾ ਗਿਆ। ਅਕ੍ਰਿਤਘਣ ਹਿੰਦੂਆਂ ਨੇ ਇਨ੍ਹਾਂ ਸਿੱਖ ਫ਼ੌਜੀਆਂ ਨੂੰ ਵੀ ਨਾ ਬਖ਼ਸ਼ਿਆ ਜੋ ਭਾਰਤ ਦੀ ਰਾਖੀ ਲਈ ਸਰਹੱਦਾਂ ਉੱਤੇ ਹਿੱਕਾਂ ਡਾਹ ਕੇ ਲੜਦੇ ਸਨ।

ਧੰਨਬਾਦ ਵਿੱਚ ਪਾਠੀ ਨੂੰ ਕੁੱਟ ਕੇ ਸਾੜਿਆ, ਇੱਕ ਪਰਿਵਾਰ ਦੇ ਤਿੰਨੇ ਮੈਂਬਰ ਜਿਉਂਦੇ ਸਾੜੇ ਗਏ, ਜਗਜੀਤ ਸਿੰਘ ਤੇ ਉਸ ਦਾ ਪਰਿਵਾਰ ਬਰੂਦ ਨਾਲ ਬੰਨ੍ਹ ਕੇ ਉਡਾ ਦਿੱਤਾ ਗਿਆ, ਉਸ ਪਰਿਵਾਰ ਦੀ ਲੜਕੀ ਅਤੇ ਨੂੰਹ ਨਾਲ਼ ਬਲਾਤਕਾਰ ਕਰਨ ਪਿੱਛੋਂ ਉਹਨਾਂ ਨੂੰ ਵੀ ਮਾਰ ਦਿੱਤਾ ਗਿਆ। ਨਰਿੰਦਰ ਪਾਲ ਸਿੰਘ ਨੂੰ ਪੱਥਰ ਮਾਰ-ਮਾਰ ਕੇ ਖ਼ਤਮ ਕੀਤਾ ਗਿਆ।

ਟਰਾਂਸਪੋਰਟ ਊਧਮ ਸਿੰਘ ਤੇ ਮਦਨ ਸਿੰਘ ਕਤਰਾਸਗੜ੍ਹ, ਟਰੱਕ ਡਰਾਈਵਰ ਜਸਪਾਲ ਸਿੰਘ ਨੂੰ ਗੋਲ਼ੀਆਂ ਮਾਰ ਕੇ ਕਤਲ ਕੀਤਾ ਗਿਆ। ਟਰੱਕ ਡਰਾਈਵਰ ਤਾਰਨ ਸਿੰਘ (ਸਾਬਕਾ ਫੌਜੀ) ਨੂੰ ਵੀ ਕੁੱਟ-ਕੁੱਟ ਕੇ ਮਾਰਿਆ ਗਿਆ। ਇਹਨਾਂ ਸਾਰੀਆਂ ਘਟਨਾਵਾਂ ਦੌਰਾਨ ਪੁਲਿਸ ਤਮਾਸ਼ਾ ਵੇਖਦੀ ਰਹੀ ਤੇ ਹਿੰਦੂ ਭੀੜਾਂ ਨੂੰ ਹਰ ਪ੍ਰਕਾਰ ਸਹਾਇਤਾ ਅਤੇ ਸ਼ਹਿ ਦਿੰਦੀ ਰਹੀ।

ਬੋਕਾਰੋ ਸ਼ਹਿਰ ਵਿੱਚ ਵੀ ਤਿੰਨ ਗੁਰਦੁਆਰੇ ਸਿੰਘ ਸਭਾ, ਨਾਨਕ ਨਗਰ ਤੇ ਲੱਕੜ ਖੰਡਾ ਅੱਗ ਲਾ ਕੇ ਸਾੜ ਦਿੱਤੇ। ਕਾਤਲ ਭੀੜ ਦੇ ਕੋਲ਼ ਬਰਛੇ, ਪੈਟਰੋਲ ਅਤੇ ਵਿਸ਼ੇਸ਼ ਕਿਸਮ ਦਾ ਪਾਊਡਰ ਸੀ। ਸਿੱਖ ਲੜਕੀਆਂ ਦੇ ਨਾਲ਼ ਬਲਾਤਕਾਰ ਕੀਤੇ ਗਏ ਤੇ ਕਈ ਬੀਬੀਆਂ ਕਤਲ ਕਰਕੇ ਲਾਸ਼ਾਂ ਖਪਾ ਦਿੱਤੀਆਂ ਗਈਆਂ। ਜਿਨ੍ਹਾਂ ਸਿੱਖਾਂ ਨੇ ਸ਼ਸਤਰਾਂ ਨਾਲ਼ ਆਪਣੀ ਰਾਖੀ ਕਰਨੀ ਚਾਹੀ ਉਹ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤੇ। ਸਿੱਖਾਂ ਦੀਆਂ ਦੁਕਾਨਾਂ ਦੀ ਨਿਸ਼ਾਨਦੇਹੀ ਕਰਕੇ ਸਮਾਨ ਲੁੱਟ ਲਿਆ ਗਿਆ ਤੇ ਬੋਕਾਰੋ ਵਿੱਚ ਹਜ਼ਾਰਾਂ ਹੀ ਸਿੱਖ ਤਿੰਨ ਦਿਨਾਂ ਵਿੱਚ ਕਤਲ ਕੀਤੇ ਗਏ, ਦਿੱਲੀ ਵਾਂਗ ਇੱਥੇ ਵੀ ਸਿੱਖਾਂ ਨੂੰ ਸਭ ਤੋਂ ਵੱਧ ਜਾਨੀ ਅਤੇ ਮਾਲੀ ਨੁਕਸਾਨ ਝੱਲਣਾ ਪਿਆ।

ਹਿੰਦੂ ਗੁੰਡਿਆਂ ਨੇ ਸੁਲੱਖਣ ਸਿੰਘ ਦੀਆਂ ਪਹਿਲਾਂ ਚਾਕੂ ਨਾਲ਼ ਅੱਖਾਂ ਕੱਢੀਆਂ, ਫਿਰ ਪੈਟਰੋਲ ਛਿੜਕ ਕੇ ਅੱਗ ਲਾ ਦਿੱਤੀ। ਕਈ ਸਿੰਘਾਂ ਨੂੰ ਗੋਲ਼ੀਆਂ ਅਤੇ ਮਾਰ ਕੇ ਸ਼ਹੀਦ ਕੀਤਾ ਗਿਆ, ਸਿੱਖਾਂ ਦੀਆਂ ਲੜਕੀਆਂ ਦੀ ਇੱਜ਼ਤ ਲੁੱਟੀ, ਫਿਰ ਉਹਨਾਂ ਨੂੰ ਵੀ ਕਤਲ ਕਰ ਦਿੱਤਾ। ਬੋਕਾਰੋ ਦੇ ਬਰਗੂ ਵਿੱਚ ਜਦੋਂ ਦੋ ਸਿੰਘਾਂ ਨੇ ਹਿੰਦੂ ਭੀੜਾਂ ਦਾ ਮੁਕਾਬਲਾ ਕੀਤਾ ਤਾਂ ਪੁਲਿਸ ਨੇ ਉਹਨਾਂ ਨੂੰ ਫੜ ਕੇ ਜੇਲ੍ਹ ਭੇਜ ਦਿੱਤਾ।

ਹਿੰਦੂਆਂ ਨੂੰ ਬਿਹਾਰ ਵਿੱਚ ਜਿੱਥੇ ਵੀ ਕਿਤੇ ਕੋਈ ਸਿੱਖ ਮਿਲ ਜਾਂਦਾ ਤਾਂ ਉਸੇ ਸਮੇਂ ਉਸ ਉੱਤੇ ਹਮਲਾ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ। ਸਿੱਖਾਂ ਦੇ ਘਰਾਂ ਉੱਤੇ ਅੱਗ ਦੀਆਂ ਲਪਟਾਂ ਹੀ ਲਪਟਾਂ ਦਿਸ ਰਹੀਆਂ ਸਨ। ਘਰਾਂ-ਬਜ਼ਾਰਾਂ ਵਿੱਚ ਕਈ ਸਿੱਖ ਔਰਤਾਂ ਨੂੰ ਨਗਨ ਕੀਤਾ ਗਿਆ, ਉਹਨਾਂ ਨਾਲ ਜੋ ਬੀਤੀ ਉਹ ਕਹਿਆ-ਸੁਣਿਆ ਨਹੀਂ ਜਾ ਸਕਦਾ, ਲਿਖਣ ਲੱਗਿਆਂ ਹੱਥ ਕੰਬਦੇ ਹਨ। ਗੁਰਦੁਆਰਿਆਂ ਦੇ ਪਾਠੀ ਸਿੰਘਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਵੀ ਖ਼ੌਫ਼ਨਾਕ ਤਸੀਹੇ ਦਿੱਤੇ ਗਏ। ਹਿੰਦੂ ਦੁਕਾਨਦਾਰਾਂ ਨੇ ਸਿੱਖ ਦੁਕਾਨਦਾਰਾਂ ਦੀਆਂ ਦੁਕਾਨਾਂ ਦਾ ਸਾਰਾ ਸਮਾਨ ਜਬਤ ਕਰ ਲਿਆ ਤੇ ਫਿਰ ਦੁਕਾਨਾਂ ਨੂੰ ਅੱਗ ਲਾ ਦਿੱਤੀ। ਜਿਸ ਬਸ, ਟਰੱਕ ਤੇ ਗੱਡੀ ਉੱਤੇ ਵੀ ਸਿੱਖ ਗੁਰੂਆਂ ਦੀ ਤਸਵੀਰ ਜਾਂ ਕੋਈ ਸਿੱਖੀ ਨਿਸ਼ਾਨ ਨਜ਼ਰ ਆ ਜਾਂਦਾ ਤਾਂ ਉਸ ਨੂੰ ਵੀ ਤੋੜ ਕੇ ਅੱਗ ਲਾ ਦਿੱਤੀ ਜਾਂਦੀ।

ਬਿਹਾਰ ਵਿੱਚ ਵੱਸਦੇ ਬਹੁਤਾਂਤ ਸਿੱਖ ਜਾਂ ਤਾਂ ਮਾਰ ਦਿੱਤੇ ਗਏ, ਜਾਂ ਕਈਆਂ ਨੇ ਕੇਸ ਕਤਲ ਕਰਵਾ ਕੇ ਤੇ ਕਈਆਂ ਨੇ ਲੁਕ-ਛਿਪ ਕੇ ਆਪਣੀ ਜਾਨ ਬਚਾਈ ਤੇ , ਸਿੱਖਾਂ ਨੇ ਕਈ ਮਹੀਨੇ ਸਹਿਮ ਵਿੱਚ ਹੀ ਕੱਟੇ ਤੇ ਹਿੰਦੂ ਉਹਨਾਂ ਵੱਲ ਵੇਖ ਕੇ ਹੱਸਦੇ ਰਹੇ। ਇਹੀ ਕੁਝ ਸਿੱਖਾਂ ਨਾਲ ਹੋਰਾਂ ਸੂਬਿਆਂ ਦੇ ਵਿੱਚ ਹੋਇਆ ਤੇ ਸਿੱਖਾਂ ਉੱਤੇ ਕੀਤੇ ਗਏ ਹਿੰਦੂਆਂ ਦੇ ਜ਼ੁਲਮਾਂ ਨੇ ਤਾਂ ਮੁਗਲਾਂ ਦੇ ਜ਼ੁਲਮਾਂ ਨੂੰ ਵੀ ਮਾਤ ਪਾ ਦਿੱਤੀ।

– ਰਣਜੀਤ ਸਿੰਘ ਦਮਦਮੀ ਟਕਸਾਲ (ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ)